# ਲੋਕਵਾਦ

ਜੋ ਆਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰਖਦਾ ਹੈ ਉਹ ਸਵਰਗ, ਨਰਕ, ਪਸ਼ੂ ਅਤੇ ਮਨੁੱਖ ਦੀ ਜੋਨੀ ਵਿਚ ਵੀ ਵਿਸ਼ਵਾਸ਼ ਰਖਦਾ ਹੈ। ਇਨ੍ਹਾਂ ਗੱਲਾਂ ਤੋਂ ਛੁਟ ਲੋਕ ਦੀ ਸਥਿਤੀ ਅਤੇ ਇਸ ਵਿਚ ਘੁੰਮਨ, ਫਿਰਨ ਵਾਲੇ ਜੀਵਾਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੁੰਦਾ ਹੈ।

ਸੰਸਾਰ, ਜਗਤ ਲਈ ਜੈਨ ਧਰਮ ਵਿਚ ਲੋਕ ਸ਼ਬਦ ਆਇਆ ਹੈ। ਲੋਕ ਤੋਂ ਭਾਵ ਹੈ ਜੋ ਵੇਖਿਆ ਜਾਵੇ। ਜਿਥੇ 6 ਦਰਵ ਹਨ ਉਹ ਲੋਕ ਹੈ। ਜਿਥੇ ਇਕੱਲਾ ਅਕਾਸ਼ ਦਰਵ ਹੈ ਹੋਰ ਕੋਈ ਦਰੱਵ ਨਹੀਂ ਉਹ ਅਲੋਕ ਹੈ। ਜਿਥੋਂ ਤਕ ਇਹ 6 ਤੱਤਵ ਹਨ ਉਥੋਂ ਤਕ ਲੋਕ ਹੈ। ਜੀਵ ਅਤੇ ਪੁਦਗਲ ਲੋਕ ਵਿਚ ਹਨ ਅਲੋਕ ਵਿਚ ਨਹੀਂ। ਜੈਨ ਦ੍ਰਿਸ਼ਟੀ ਪਖੋਂ ਲੋਕ ਸੀਮਾ ਵਾਲਾ ਹੈ ਪਰ ਆਲੋਕ ਅਸੀਮ ਹੈ।

## ਲੋਕ ਦਾ ਆਕਾਰ

ਜੈਨ ਦਰਸ਼ਨ ਅਨੁਸਾਰ ਲੋਕ ਦੇ ਤਿੰਨ ਭਾਗ ਹਨ।

1) ਉਰਧਵ ਲੋਕ 2) ਮੱਧ ਲੋਕ 3) ਅਧੋ ਲੋਕ

ਤਿੰਨ ਲੋਕਾਂ ਦੀ ਲੰਬਾਈ 14 ਰੱਜੂ ਹੈ। ਚਾਰੇ ਗਤੀਆਂ ਦੇ ਪ੍ਰਾਣੀ ਇਸ ਘੇਰੇ ਵਿਚ ਘੁੰਮ ਰਹੇ ਹਨ। ਉਰਧਵ ਲੋਕ ਦੀ ਲੰਬਾਈ 7 ਰੱਜੂ ਤੋਂ ਕੁਝ ਘਟ ਹੈ। ਮੱਧ ਲੋਕ 1800 ਪਰਿਮਾਨ ਯੋਜਨ ਦਾ ਹੈ ਅਤੇ ਅਧੋ ਲੋਕ 7 ਰੱਜੂ ਤੋਂ ਕੁਝ ਜਿਆਦਾ ਹੈ।

ਜਿਥੇ ਅਸੀਂ ਰਹਿੰਦੇ ਹਾਂ ਉਹ ਮਨੁੱਖ ਲੋਕ ਰਤਨ ਪ੍ਰਭਾ ਪ੍ਰਿਥਵੀ ਦੇ ਛੱਤ ਤੇ ਹੈ। ਇਸ ਦੇ ਵਿਚਕਾਰ ਮੇਰੂ ਪਰਬਤ ਹੈ। ਮੇਰੂ ਪਰਬਤ ਦੇ ਹੇਠ ਗਾਂ ਦੇ ਥਨ ਦੀ ਤਰਾਂ 8 ਰੁਚਕ ਪ੍ਰਦੇਸ਼ ਹਨ। ਇਨਾਂ ਰੁਚਕ ਪ੍ਰਦੇਸ਼ਾ ਦੇ 900 ਯੋਜਨ ਹੇਠ ਤੇ 900 ਯੋਜਨ ਉਪਰ ਕੁਲ 1800 ਯੋਜਨ ਉਚਾਈ ਵਾਲਾ ਤਿਰਛਾ ਮਨੁਖ ਲੋਕ ਹੈ।

### ਸੁਮੇਰ ਪਰਵਤ

ਸਾਰੇ ਪ੍ਰਿਥਵੀ ਮੰਡਲ ਦੇ ਵਿਰਕਾਰ ਸੁਦਰਸ਼ਨ ਮੇਰੂ ਪਰਵਤ ਹੈ। ਜੋ ਖੰਬੇ ਦੀ ਤਰਾਂ ਹੈ। ਹੇਠਾ ਤੋਂ ਚੋੜਾ ਹੈ ਉਪਰ ਤੋਂ ਘਟ ਚੋੜਾ ਹੈ। ਇਸ ਪਰਬਤ ਦੀ ਉਚਾਈ 100000 ਯੋਜਨ ਹੈ। ਇਸ ਇਕ ਲੱਖ ਯੋਜਨ ਵਿਚੋਂ 1000 ਯੋਜਨ ਜਮੀਨ ਹੇਠਾਂ ਹੈ 99000 ਯੋਜਨ ਉਪਰ ਹੈ। ਪ੍ਰਿਥਵੀ ਦੇ ਮੂਲ ਰੂਪ ਵਿਚ $10090\frac{1}{2}$ ਯੋਜਨ ਚੋੜਾ ਹੈ। ਜਮੀਨ ਤੋਂ

10000 ਯੋਜਨ ਚੌੜਾ ਹੁੰਦਾ ਹੁੰਦਾ ਸਿਖਰ ਤੇ 1000 ਯੋਜਨ ਰਹਿ ਗਿਆ ਹੈ।

## ਉਰਧਵ ਲੋਕ

ਮੱਧ ਲੋਕ ਤੋਂ 900 ਯੋਜਨ ਉਪਰਲਾ ਹਿਸਾ ਉਰਧਵ ਲੋਕ ਹੈ। ਇਥੇ ਦੇਵਤਿਆਂ ਦਾ ਨਿਵਾਸ ਹੈ। ਇਸੇ ਨੂੰ ਆਮ ਭਾਸ਼ਾ ਵਿਚ ਸਵਰਗ ਲੋਕ ਜਾਂ ਦੇਵ ਲੋਕ ਆਖਦੇ ਹਨ। ਇਸ ਲੋਕ (ਸਰਵਾਰਥ ਵਿਮਾਨ)ਤੋਂ 12 ਯੋਜਨ ਉਪਰ ਸਿਧ ਸ਼ਿਲਾ ਹੈ ਜੋ 45 ਲੱਖ ਯੋਜਨ ਲੰਬੀ ਅਤੇ 45 ਲੱਖ ਯੋਜਨ ਚੌੜੀ ਗੋਲਾ ਅਕਾਰ ਹੈ। ਵਿਚਕਾਰਲੇ ਹਿਸੇ ਤੋਂ ਇਸ ਦੀ ਮੋਟਾਈ 8 ਯੋਜਨ ਹੈ ਜੋ ਕਿਨਾਰਿਆ ਤੋਂ ਪਤਲੀ ਹੁੰਦੀ ਹੁੰਦੀ ਮੱਖੀ ਦੇ ਪੈਰਾਂ ਜਿਨ੍ਹੀ ਪਤਲੀ ਹੋ ਗਈ ਹੈ। ਇਸ ਸਿਧ ਸ਼ਿਲਾ ਦਾ ਅਕਾਰ ਉਲਟੇ ਛੱਤਰ ਦੀ ਤਰ੍ਹਾਂ ਹੈ। ਇਸ ਤੋਂ ਇਕ ਯੋਜਨ ਉਪਰ ਵਾਲੇ ਖੇਤਰ ਨੂੰ ਲੋਕ ਅੰਤ ਆਖਦੇ ਹਨ। ਭਾਵ ਇਸ ਤੋਂ ਅਗੇ ਕੋਈ ਕੁਝ ਵੀ ਨਹੀਂ ਨਹੀਂ, ਇਹੋ ਲੋਕ ਦਾ ਸਿਰਾ ਹੈ। ਇਸ ਯੋਜਨ ਉਪਰ ਕੋਹ ਦੇ 1/6 ਹਿਸੇ ਵਿਚ ਸਿੱਧ ਆਤਮਾ ਵਿਰਾਜਮਾਨ ਹਨ।

ਉਰਧਵ ਲੋਕ ਵਿਚ ਵੇਮਾਨਿਕ ਦੇਵਤੇ ਨਿਵਾਸ ਕਰਦੇ ਹਨ। ਦੇਵਤੇਆਂ ਦੇ ਅਨੇਕਾਂ ਭੇਦ ਹਨ।

1] ਕਲਪੋਉਤਪਨ 2] ਕਲਪਾਤੀਤ। ਇਹ ਭੇਦ ਵੈਮਾਨੀਕ ਦੇਵਤਾਵਾਂ ਦੇ ਹਨ। ਜਿਨਾ ਦੇਵ ਲੋਕ ਵਿਚ ਇੰਦਰੀ ਆਦਿ ਪਦਵੀਆਂ ਹਨ। ਉਨ੍ਹਾਂ ਨੂੰ ਕਲਪ ਆਖਦੇ ਹਨ। ਇਨਾਂ ਦੇਵ ਲੋਕਾਂ ਦੀ ਗਿਣਤੀ 12 ਹੈ। ਕਲਪ ਵਿਚ ਪੈਦਾ ਹੋਣ ਕਾਰਣ ਇਨ੍ਹਾਂ ਨੂੰ ਕਲਪ ਉਪਨ ਆਖਦੇ ਹਨ। 12 ਕਲਪਾ ਤੋਂ ਉਪਰ 9 ਗਰੇਵਕ ਅਤੇ 5 ਅਨੁਤਰ ਵਿਮਾਨ ਦੇ ਦੇਵਤੇ ਕਲਪਾਤੀਤ ਅਖਵਾਉਂਦੇ ਹਨ। ਕਲਪਾਤੀਤ ਦੇਵਤਿਆਂ ਵਿਚ ਕੋਈ ਸਵਾਮੀ ਸੇਵਕ ਦਾ ਭੇਦ ਨਹੀਂ। ਸਾਰੇ ਇੰਦਰ ਦੀ ਤਰਾਂ ਹੋਣ ਕਾਰਨ ਅਹਿਮਿੰਦਰ ਅਖਵਾਉਂਦੇ ਹਨ। ਧਰਤੀ ਤੇ ਕਿਸੇ ਵੀ ਕੰਮ ਲਈ ਕਲਪ ਉਪਨ ਦੇਵਤੇ ਹੀ ਆਉਂਦੇ ਹਨ, ਕਲਪਾਤੀਤ ਨਹੀਂ। ਉਰਧਵ ਲੋਕ ਵਿਚ ਵੈਮਾਨਿਕ ਦੇਵ ਹਨ ਤਿਰਛੇ ਲੋਕ ਦੇ ਸ਼ੁਰੂ ਜੋਤਸ਼ੀ ਦੇਵਤਾ ਹਨ। ਮਨੁਖ ਤੇ ਵਾਅਬਿਅੰਤਕ ਦੇਵਤਾ ਰਹਿੰਦੇ ਹਨ। ਅਧੋ ਲੋਕ ਵਿਚ ਭਵਨ ਪਤੀ ਅਤੇ ਥੋੜੇ ਜੇਹੇ ਵਾਣਸਿਅੰਤਰ ਵੀ ਰਹਿੰਦੇ ਹਨ।

### ਭਵਨਪਤਿ ਦੇਵਤਾ

ਭਵਨਪਤੀ ਦੇਵਤਾ ਹੇਠ ਲਿਖੀਆਂ ਕਿਸਮਾਂ ਦੇ ਹਨ।

1) ਅਸੁਰ ਕੁਮਾਰ 2) ਨਾਗ ਕੁਮਾਰ 3) ਵਿਦੁਤ ਕੁਮਾਰ 4) ਸੁਪਰਨ ਕੁਮਾਰ 5) ਅਗਨੀ ਕੁਮਾਰ 6) ਵਾਯੂ ਕੁਮਾਰ 7) ਸਤਨ ਕੁਮਾਰ 8) ਉੱਦਧੀ ਕੁਮਾਰ 9) ਦੀਪ ਕੁਮਾਰ 10) ਦਿਕ ਕੁਮਾਰ।

10 ਪ੍ਰਕਾਰ ਦੇ ਤਿਯੰਗ ਜੀਵਕ ਦੇਵ।

1) ਅਨ 2) ਪਾਨ 3) ਸ਼ਯਨ 4) ਵਸਤਰ 5) ਪੁਸ਼ਪ 6) ਫੁੱਲ

7) ਪੁਸ਼ਪ 8) ਪੁਸ਼ਪ ਫਲ 9) ਆਵੰਤੀ। ਭੋਜਨ, ਪੀਣ ਯੋਗ, ਘਰ, ਰਖਿਆ, ਕਪੜੇ, ਫੁਲ, ਫਲ, ਅਤੇ ਫੂਲ ਦੋਹਾ, ਬੀਜ, ਧਨ ਆਦਿ ਨੂੰ ਘਟਾਨਾ ਵਧਾਉਣਾ ਇਨਾ ਦੇਵਤਿਆਂ ਦਾ ਕੰਮ ਹੈ :

**12 ਦੇਵ ਲੋਕ**

1) ਸੁਧਰਮ 2) ਈਸ਼ਾਨ 3) ਸਨਤ ਕੁਮਾਰ 4) ਮਹੇਂਦਰ 5) ਬ੍ਰਹਮ 6) ਲਾਂਤਕ 7) ਮਹਾਸੁਕਰ 8) ਸਹਸ਼ਤਰਨਾਰ 9) ਆਨਤ 10) ਪ੍ਰਾਣਤ 11) ਅਰੁਣ 12) ਅਚੁਯਤ

**9 ਗਰੇਵਯਕ** :

1) ਭਦਰ 2) ਸੁਭਦਰ 3) ਸੁਜਾਤ 4) ਸਮਨਸ਼ 5) ਪ੍ਰਿਆ ਦਰਸ਼ਨ 7) ਅਮੋਹ 8) ਸਪ੍ਰਤਿਬੁਧ 9) ਯਸ਼ੋਧਰ।

**5 ਅਨੁਤਰ ਵਿਮਾਨ** :

1) ਵਿਜੈ 2) ਵਿਜੈਅੰਤ 3) ਜੈਅੰਤ 4) ਅਪਰਾਜਿਤ 5) ਸਰਵਾਰਥ ਸਿੱਧ

**9 ਲੋਕਾਂਤਿਕ ਦੇਵ** :

1) ਸਾਰਸਵਤ 2) ਆਦਿਤ 3) ਵਨਹੀ 4) ਵਰੁਣ 5) ਗਰਦ ਤੋਯ 6) ਤਸ਼ਿਤ 7) ਅਵਿਆਬਾਧ 8) ਮਰੁਤ 9) ਅਰਿਸ਼ਟ

**3 ਕਿਲਾਵਿਸ਼ੀ ਦੇਵਤਾ :**

3 ਪ੍ਰਕਾਰ ਦੇ ਕਿਲਵਿਸ਼ਕ ਦੇਵਤੇ ਜੋ ਇਸ ਦੇਵਾ ਤੋਂ ਉਪਰ ਅਤੇ ਪਹਿਲੇ ਤੇ ਦੂਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ।

ਦੂਸਰੀ ਤਰਾਂ ਦੇ ਦੂਸਰੇ ਦੇਵ ਲੋਕ ਤੋਂ ਉਪਰ ਅਤੇ ਤੀਸਰੇ ਦੇਵ ਲੋਕ ਦੇ ਹੇਠਾ ਰਹਿੰਦੇ ਹਨ।

ਤੀਸਰੀ ਤਰਾਂ ਦੇ ਪੰਜਵੇ ਦੇਵ ਲੋਕ ਤੋਂ ਉਪਰ ਛੇਵੇਂ ਦੇਵ ਲੋਕ ਤੋਂ ਹੇਠਾ ਰਹਿੰਦੇ ਹਨ। ਇਹ ਦੇਵ ਦੂਸਰੇ ਮਤਾ ਦੀ ਮਿਥਿਆਤਵੀ ਧਾਰਣਾ ਦੇ ਧਾਰਕ ਹੋਣ ਕਾਰਣ ਬਣਦੇ ਹਨ।

**15 ਪ੍ਰਕਾਰ ਦੇ ਪਰਮਾਧਾਰਮਿਕ (ਯਮਦੂਤ)**

1) ਅੰਬ 2) ਅੰਬ ਰਸ 3) ਸ਼ਿਆਮ 4) ਸੰਬਲ 5) ਰੁਦਰ 6) ਮਗਰੁਦਰ 7) ਕਾਲ 8) ਮਹਾਕਾਲ 9) ਅਸੀ ਪੱਤਰ 10) ਧਨ ਪੱਤਰ 11) ਕੁੰਭੀ 12) ਬਾਲੂ 13) ਵੈਤਰਨੀ 14) ਖਰਸਵਰ 15) ਮਹਾ ਘੋਸ਼। ਇਹ ਦੇਵ ਨਾਰਕੀਆ ਨੂੰ ਸਜਾ ਦਿੰਦੇ ਹਨ। ਇਹ ਸਭ 99 ਪ੍ਰਕਾਰ ਦੇ ਦੇਵ ਹਨ। ਜਿਨਾਂ ਦੇ ਪਰਿਆਪਤ ਅਤੇ ਅਪਰਿਆਪਤ 198 ਭੇਦ ਹੋ ਜਾਂਦੇ ਹਨ।

## 10 ਪ੍ਰਕਾਰ ਦੇ ਜੋਤਿਸ਼ ਦੇਵ

1) ਚੰਦਰਮਾ 2) ਸੂਰਜ 3) ਗ੍ਰਹਿ 4) ਨਛੱਤਰ 5) ਤਾਰਾ। ਇਹ ਇਨਾਂ ਨਾਮ ਨਾਲ ਸਥਿਰ ਹਨ 2½ ਦੇ ਚਲਦੇ ਹਨ 2½ ਦੇ ਬਾਹਰ ਨਿਕਲਦੇ ਹਨ।

2) ਵੈਮਾਨਿਕ ਦੇਵਤੇ ਦੋ ਪ੍ਰਕਾਰ ਦੇ ਹਨ 1) ਕਲਾਉਪਨ 2) ਕਲਪਾਤੀਤ

## ਵਿਅੰਤਰ ਦੇਵ ਦੇ ਨਾਉ

1. ਪਿਸ਼ਾਚ
2. ਭੂਤ
3. ਯਕਸ਼
4. ਰਾਖਸ਼
5. ਕਿਨਰ
6. ਕਿਮ ਪੁਰਸ਼
7. ਮਹੋਰਗ
8. ਗੰਧਰਵ
9. ਆਣਪਣਿ
10. ਪਾਣਪਣਿ
11. ਈਸ਼ਵਾਣੀ
12. ਭਈਵਾਣੀ
13. ਕੰਦੀ
14. ਮਹਾਕੰਦੀ
15. ਕੁਰੰਡ
16. ਪਯੰਗ ਦੇਵ

## ਦੇਵਤੇ ਦੇ ਰਾਜਾ ਇੰਦਰ ਦਾ ਪਰਿਵਾਰ

ਕਲਪੋ ਉਪਨ ਦੇਵਤਿਆਂ ਦੇ ਇੰਦਰ ਵਿਚ ਸਾਮਨਿਕ, ਤਰਾਏ ਇਸਤ੍ਰਾਸ਼. ਪਰਿਸ਼ਧ ਆਤਮ ਰਖਿਅਕ, ਲੋਕਪਾਲ, ਸੈਨਿਕ, ਪ੍ਰਕਿਣਕ, ਅਭਿਯੋਗੀਕ, ਕਿਲਿਵਿਸ਼ਕ ਆਦਿ 9 ਪ੍ਰਕਾਰ ਦੇ ਦੇਵਤੇ ਹੁੰਦੇ ਹਨ।

1) ਸਾਮਨਿਕ ਦੇਵ. ਮੁੱਖੀ, ਪਿਤਾ, ਗੁਰੂ ਅਤੇ ਵਡਿਆਂ ਦੀ ਤਰਾਂ ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ। ਪਰ ਇਹ ਇੰਦਰ ਪਦਵੀ ਤੋਂ ਰਹਿਤ ਹੁੰਦੇ ਹਨ।
2) ਤਰਾਏ ਇਸਤਰੀਸ਼ ਦਾ ਦਰਜਾ ਮੰਤਰੀ ਤੇ ਪੁਰੋਹਤ ਦਾ ਹੁੰਦਾ ਹੈ।
3) ਪਾਰਿਸ਼ਧ ਦੇਵ ਮਿੱਤਰ ਦੀ ਤਰਾਂ ਹੁੰਦੇ ਹਨ।
4) ਆਤਮ ਰਖਿਅਕ ਅੰਗ ਰਖਿਅਕ ਦਾ ਕੰਮ ਕਰਦੇ ਹਨ।
5) ਲੋਕਪਾਲ, ਕੋਤਵਾਲ ਜਾਂ ਰਾਜਦੂਤ ਦਾ ਕੰਮ ਕਰਦੇ ਹਨ।
6) ਸੇਨਿਕ, ਸੈਨਿਕਾਂ ਦਾ ਕੰਮ ਕਰਦੇ ਹਨ।
7) ਪ੍ਰਕਿਣਕ ਦੇਵ ਨਗਰ, ਦੇਸ਼ ਵਾਸ਼ੀਆਂ ਦੀ ਤਰਾਂ ਹਨ।
8) ਅਭਿਯੋਗਿਕ ਦੇਵ ਦਾਸ ਸੇਵਕ ਦੀ ਤਰਾਂ ਹਨ।
9) ਕਿਲਿਵਿਸ਼ਕ ਦੇਵ ਰਿਸ਼ਤੇਦਾਰ ਦੀ ਤਰਾਂ ਹਨ।

## ਦੇਵਤਿਆਂ ਦੇ ਸੁੱਖ

ਸੋਧਰਮ ਦੇਵ ਲੋਕ ਤੇ ਸਰਵਾਰਥਸਿੱਧ ਤਕ ਸਾਰੇ ਦੇਵਤਿਆਂ ਦੀ ਉਮਰ, ਸਥਿਤੀ ਪ੍ਰੀਵਾਰ, ਸੁਖ, ਸੁਧੀ, ਇੰਦਰੀਆਂ ਦੇ ਵਿਸ਼ੇ ਅਵਧੀ ਗਿਆਨ ਅਗੇ ਤੋਂ ਅਗੇ ਵੱਧਦਾ ਹੈ। ਜਿਨਾਂ ਦੇਵਤਿਆ ਦੀ ਆਯੂ ਜਿਨੇ ਸਾਗਰੋ ਪੋਪਮ ਦੀ ਹੁੰਦੀ ਹੈ ਉਸ ਤੋਂ 15 ਦਿਨਾਂ ਬਾਅਦ ਉਹ ਸਵਾਸ ਲੈਂਦੇ ਹਨ। ਉਨੇ ਹੀ ਹਜਾਰ ਸਾਲਾ ਬਾਅਦ ਉਹ ਦੇਵਤੇ ਭੋਜਨ ਕਰਦੇ ਹਨ। ਦੇਵਤੇ ਦੀ ਉਤਪਤੀ ਉਤਪਾਦ ਸ਼ੈਯਾ ਤੋਂ ਹੁੰਦੀ ਹੈ। ਇਹ ਸ਼ੈਯਾ ਦੇਵ ਦੂਸ਼ਯ

ਵਸਤਰ ਨਾਲ ਢਕੀ ਰਹਿੰਦੀ ਹੈ । ਜਦੋਂ ਕੋਈ ਆਤਮਾ ਦੇਵ ਲੋਕ ਵਿਚ ਉਤਪੰਨ ਹੁੰਦਾ ਹੈ ਤਾਂ ਇਹ ਅੰਗਾਰੇ ਵਿਚਕਾਰ ਰਖੀ ਰੋਟੀ ਦੀ ਤਰਾਂ ਫੂਲ ਜਾਂਦੀ ਹੈ। ਫੇਰ ਦੇਵ ਜਦ ਘੜੀਆਲ ਬਜਾਂਦੇ ਹਨ । ਫੇਰ ਉਸ ਅਧੀਨ ਦੇਵ, ਦੇਵੀਆਂ ਉਸ ਸ਼ੈਯਾ ਕੋਲ ਇਕਠੇ ਹੋ ਕੇ ਪੁਛਦੇ ਹਨ ਕਿ ਤੁਮੀਂ ਕੀ ਦਾਨ ਕੀਤਾ ਸੀ ਜੋ ਤੁਸੀਂ ਕਰਨੀ ਕੀਤੀ ਸੀ ਅਤੇ ਕਿ ਭੋਜਨ ਕੀਤਾ ਸੀ ? ਭੋਜਨ ਸ਼ੁਧ ਸਵਾਮੀ ਬਣੇ। ਅਵਧੀ ਗਿਆਨ ਹੋਣ ਕਾਰਣ ਸਾਰੇ ਪ੍ਰਸ਼ਨਾ ਦਾ ਉਤਰ ਦਿੰਦੇ ਹਨ । ਦੇਵਤੇ ਹਮੇਸ਼ਾ ਇਕ ਉਮਰ ਦੇ ਜਵਾਨ ਰਹਿੰਦੇ ਹਨ ।

## ਜਨਮ ਦੇ ਪ੍ਰਕਾਰ

ਜੈਨ ਆਗਮ ਅਨੁਸਾਰ ਤਿੰਨ ਪ੍ਰਕਾਰ ਨਾਲ ਜੀਵ ਪੈਦਾ ਹੁੰਦੇ ਹਨ ਜਿਨਾਂ ਦੀ ਉਤਪਤੀ ਦਾ ਸਥਾਨ ਨੀਅਤ ਨਹੀਂ ਨਾ ਹੀ ਗਰਭ ਧਾਰਨ ਕਰਦੇ ਹਨ ਉਹ ਜੀਵ ਸਮੁਰਛਿਮ ਅਖ-ਵਾਉਂਦੇ ਹਨ । ਇਨਾਂ ਦੀ ਉਤਪਤੀ ਦੇ 14 ਸਥਾਨ ਹਨ । ਅੰਡਜ਼, ਪੋਤਜ਼, ਜਰਾਜੂ ਪੰਜ ਇੰਦਰੀਆਂ ਪ੍ਰਾਣੀ 'ਗਰਭ' ਤੋਂ ਪੈਦਾ ਹੁੰਦੇ ਹਨ । ਦੇਵਤੇ ਤੇ ਨਾਰਕੀ ਉਪਾਪਾਤ ਤੋਂ ਪੈਦਾ ਹੁੰਦੇ ਹਨ । ਨਾਰਕੀ ਕੁੰਭੀ ਰਾਹੀਂ ਪੈਦਾ ਹੁੰਦੇ ਹਨ । ਦੇਵਤੇ ਦੇਵ ਸ਼ੈਯਾ ਤੋਂ ਪੈਦਾ ਹੁੰਦੇ ਹਨ ਮਨੁਖ ਵਿਚ ਚਾਰ ਪ੍ਰਕਾਰ ਦੇ ਗਰਭ ਦੇ ਜੀਵ ਹਨ ਔਜ ਬਲਵਾਨ, ਵੀਰਜ ਕਮਜੋਰ ਹੋਵੇ ਤਾਂ ਲੜਕੀ ਪੈਦਾ ਹੁੰਦੀ ਹੈ ਵੀਰਜ ਜਿਆਦਾ ਔਜ ਘੱਟ ਹੋਵੇ ਤਾਂ ਪੁਰਸ਼ ਪੈਦਾ ਹੁੰਦਾ ਹੈ । ਦੋਹੇ ਬਰਾਬਰ ਹੋਣ ਤਾਂ ਨਪੁੰਸਕ ਪੈਦਾ ਹੁੰਦਾ ਹੈ । ਵਾਯੂ ਦੋਸ਼ ਕਾਰਨ ਔਜ ਦਾ ਗਰਭਾਸਯ ਵਿਚ ਠਹਿਰਨਾ ਬਿੰਬ ਹੈ ।

ਦੇਵੀਆਂ ਦੀ ਉਤਪਤੀ ਦੂਸਰੇ ਈਸ਼ਾਨ ਲੋਕ ਤਕ ਹੀ ਹੁੰਦੀ ਹੈ। ਪਰ ਆਪਣੀ ਸ਼ਕਤੀ ਤੇ ਇੱਛਾ ਅਨੁਸਾਰ 8 ਵੇਂ ਦੇਵ ਲੋਕ ਵਿਚ ਦੇਵਤੇ ਲੈ ਜਾ ਸਕਦੇ ਹਨ ।

ਇਹ ਦੇਵਤੇ ਭਾਵਨਾ ਵਿਚ ਨਿਵਾਸ ਕਰਦੇ ਹਨ ।

ਦੂਸਰੇ ਧਰਮ ਉਪਸਾਕ ਚੰਗੇ ਕਰਮ ਕਾਰਣ ਪੰਜਵੇਂ ਦੇਵ ਲੋਕਾਂ ਵਿਚ ਹੀ ਜਨਮ ਲੈ ਸਕਦੇ ਹਨ ਪੰਜ ਇੰਦਰੀਆਂ ਵਾਲੇ ਪਸ਼ੂ ਅਠਵੇਂ ਸਹਸਤਾਰ ਕਲਪ ਤਕ ਜਨਮ ਲੈ ਸਕਦੇ ਹਨ । ਸ਼੍ਰਾਵਕ ਅਚੂਯਤ ਦੇਵ ਲੋਕ ਤਕ ਜਨਮ ਲੈ ਸਕਦੇ ਹਨ । ਜੈਨ ਭੇਖ ਵਿਚ ਦੇਵ ਗੁਰੂ ਅਤੇ ਧਰਮ ਅਨੁਸਾਰ ਜੀਵਨ ਬਿਤਾਉਣ ਵਾਲੇ ਸਾਧੂ ਨੌਵੇਂ ਗੋਰਯਕ ਤਕ ਜਨਮ ਲੈ ਸਕਦੇ ਹਨ । 14 ਪੂਰਵਾਂ ਦੇ ਜਾਣਕਾਰ ਗਿਆਨੀ ਬ੍ਰਹਮ ਲੋਕ ਤੇ ਸਰਵਾਰਥ ਸਿਧ ਤਕ ਜਨਮ ਲੈ ਸਕਦੇ ਹਨ । ਧਰਮ ਪਾਲਨ ਕਰਨ ਵਾਲੇ ਸਾਧੂ, ਅਤੇ ਉਚੇ ਦਰਜੇ ਦੇ ਜੈਨ ਉਪਾਸਕ ਸੋਧਰਮ ਦੇਵ ਲੋਕ ਵਿਚ ਜਨਮ ਲੈਂਦੇ ਹਨ ।

## ਦੇਵਤੇ ਦੇ ਸੁੱਖ

ਪਹਿਲੇ ਤੇ ਦੂਸਰੇ ਦੇਵ ਲੋਕ ਦੇ ਦੇਵਤਾ ਮਨੁੱਖਾਂ ਦੀ ਤਰਾਂ ਕਾਮ ਭੋਗ ਕਰਦੇ ਹਨ । ਤੀਸਰੇ ਤੇ ਚੌਥੇ ਕਲਪਵਾਸੀ ਕੇਵਲ ਸਪਰਸ਼ ਨਾਲ ਕਾਮ ਸੁੱਖ ਭੋਗਦੇ ਹਨ ।

ਪੰਜਵੇਂ ਤੇ ਛੇਵੇਂ ਦੇ ਦੇਵਤਾ ਦੇਵੀਆਂ ਦੇ ਵਿਸ਼ੇ ਸ਼ਬਦ ਸੁਣ ਕੇ ਹੀ ਕਾਮ ਤ੍ਰਿਸ਼ਨਾ ਪੂਰੀ ਕਰ ਲੈਂਦੇ ਹਨ ।

ਸਤਵੇਂ ਤੇ ਅਠਵੇਂ ਦੇ ਦੇਵ, ਦੇਵੀਆਂ ਦੇ ਭਿੰਨ੨ਅੰਗ ਵੇਖ ਕੇ ਕਾਮ ਭੋਗ ਪੂਰਨ ਕਰਦੇ ਹਨ

ਨੌਵੇਂ ਤੋਂ ਬਾਹਰਵੇਂ ਦੇਵ ਲੋਕ ਤਕ ਦੇਵ ਪਹਿਲੇ ਅਤੇ ਦੂਸਰੇ ਦੇਵ ਲੋਕ ਦੀਆਂ ਦੇਵੀਆਂ ਦਾ ਮਨ ਰਾਹੀਂ ਚਿੰਤਨ ਕਰਕੇ ਹੀ ਕਾਮ ਭੋਗ ਭੋਗ ਲੈਂਦੇ ਹਨ। ਬਾਹਰਵੇਂ ਦੇਵ ਲੋਕ ਤੋਂ ਉਪਰ ਦੇ ਦੇਵਤੇ ਭੋਗੀ ਨਹੀਂ ਹਨ।

ਦੇਵ ਲੋਕ ਵਿਚ ਮਿਥਿਆ ਦ੍ਰਿਸ਼ਟੀ, ਅਗਿਆਨੀ, ਕਿਲਵਸ਼ਕੀ ਦੇਵ ਵੀ ਹੁੰਦੇ ਹਨ। ਸੋ ਸਾਰਾ ਦੇਵ ਲੋਕ ਭੋਗ ਭੂਮੀ ਹੈ ਭਾਵੇਂ ਦੇਵਤੇ ਭੌਤਿਕ ਸੁੱਖਾਂ ਤੋਂ ਮਨੁੱਖ ਤੋਂ ਅਗੇ ਹਨ। ਪਰ ਅਧਿਆਤਮਕ ਪਖੋਂ ਇਹ ਮਨੁਖ ਤੋਂ ਹੇਠਾਂ ਹੀ ਹਨ। ਕਿਉਂਕਿ ਦੇਵਤੇ ਧਰਮ ਕਰਮ ਨਹੀਂ ਕਰ ਸਕਦੇ।

## ਮੱਧ ਲੋਕ

ਮੱਧ ਲੋਕ ਦੀ ਉਚਾਈ 1800 ਯੋਜਨ ਦੀ ਹੈ ਸਭ ਤੋਂ ਵਿਚਕਾਰ ਮੇਰੁ ਪਰਵਤ ਹੈ ਉਸ ਦੇ ਆਸ ਪਾਸ ਇਕ ਲੱਖ ਯੋਜਨ ਦਾ ਜੰਬੂ ਦੀਪ ਹੈ ਦੋ ਲੱਖ ਯੋਜਨ ਲਵਨ ਸਮੁੰਦਰ ਹੈ ਉਸ ਤੋਂ ਬਾਅਦ 8 ਲੱਖ ਯੋਜਨ ਦਾ ਕਾਲੋਧਦੀ ਸਮੁੰਦਰ ਹੈ ਉਸ ਤੋਂ ਬਾਅਦ 16 ਲੱਖ ਯੋਜਨ ਦਾ ਪੁਸ਼ਕਰ ਦੀਪ ਹੈ ਜਿਸ ਦੇ ਵਿਚਕਾਰ ਇਕ ਮਾਨਸੋਤਰ ਪਰਵਤ ਹੈ। ਇਨੇ ਢਾਈ ਦੀਪਾਂ ਵਿਚ ਮਨੁਖ ਰਹਿੰਦੇ ਹਨ। ਇਸ ਲਈ ਇਨਾਂ ਢਾਈ ਦੀਪਾ ਨੂੰ ਮਨੁਖ ਲੋਕ ਵੀ ਆਖਦੇ ਹਨ 5 ਭਰਤ 5 ਏਰਾਵਰਤ,5 ਮਹਾਵਿਦੇਹ। ਜੰਬੂ ਦੀਪ ਦੇ ਦੱਖਣ ਵਿਚ ਇਕ ਭਰਤ ਧਾਤਕੀ ਖੰਡ ਦੇ ਦਖਣ ਵਿਚ ਦੋ ਭਰਤ, ਅਰਧ ਪੁਸਕਰ ਵਿਚ ਦੋ ਭਰਤ ਹਨ। ਇਸ ਤਰਾਂ ਉਤਰ ਵਲ 5 ਏਰਾਵਤ ਪੂਰਵ ਪੱਛਮ ਦੇ ਦੋਹਾ ਪਾਸੇ 5 ਮਹਾਵਿਦੇਹ ਖੇਤਰ ਹਨ। ਇਕ ਇਕ ਮਹਾਵਿਦੇਹ ਦੇ 32-32 ਹਿਸੇ (ਵਿਜੇ) ਹਨ। ਇਕ ਇਕ ਵਿਜੇ ਵਿਚ 6-6 ਖੰਡ ਹਨ।

ਜੰਬੂ ਦੀਪ ਦੇ ਸੱਤ ਖੇਤਰ ਹਨ।

1) ਭਰਤ 2) ਹੈਮਵਤ 3) ਹਰੀ 4) ਵਿਦੇਹ 5) ਰਮਿਅਕ 6) ਹਿਰ-ਣਯਾਵਤ 7) ਏਰਾਵਤ।

## ਕਰਮ ਭੂਮੀ

ਜਿਥੇ ਮਨੁੱਖ ਖੇਤੀ, ਵਿਉਪਾਰ ਰਾਜਨੀਤੀ, ਧਰਮ, ਰਣਨੀਤੀ ਅਤੇ ਸ਼ਿਲਪਕਲਾ ਆਦੀ ਕਰਮ ਕਰਦਾ ਹੈ, ਜੀਵ ਚੰਗੇ ਮਾੜੇ ਕਰਮਾਂ ਦਾਂ ਚੰਗਾ ਮਾੜਾ ਫਲ ਭੋਗਦਾ ਹੈ ਉਹ ਕਰਮ ਭੂਮੀ ਹੈ।

## ਅਕਰਮ ਭਮੀ

ਅਕਰਮ ਭੂਮੀ ਵਿਚ ਕਰਮ ਆਦਿ ਕੁਝ ਨਹੀਂ ਸਭ ਕੁਝ ਬਿਨਾਂ ਮਹਨਤ ਤੋਂ ਪ੍ਰਾਪਤ ਹੋ ਜਾਂਦਾ ਹੈ। ਇਥੇ ਕਲਪ ਬ੍ਰਿਖਾ ਹੋਣ ਕਰਕੇ ਇਹ ਭੋਗ ਭੂਮੀ ਅਖਵਾਂਦੀ ਹੈ। ਅਕਰਮ ਭੂਮੀ ਦੇ ਖੇਤਰ ਦੀ ਗਿਣਤੀ 30 ਹੈ। ਜੰਬੂ ਦੀਪ ਵਿਚ 6, ਧਾਤਕੀ ਖਡ ਵਿਚ 12 ਅਰਧ ਪੁਸਕਰ ਵਿਚ 12 ਹਨ।

## ਅੰਤਰਦੀਪ

ਜੰਬੂ ਦੀਪ ਦੇ ਭਰਤ ਖੇਤਰ ਦੇ ਜਾਲ ਹਿਮੰਵਤ ਖੇਤਰ ਵਿਚ ਦੋ ਭਾਗ ਹਨ ਜੋ ਸਮੁੰਦਰ ਵਿਚ ਚਲੇ ਗਏ ਹਨ ਜੋ ਸੈਂਕੜੇ ਯੋਜਨਾ ਵਿਚ ਫੈਲੇ ਹੋਏ ਹਨ।

ਚੁਲ ਹੇਮੰਤ ਪਰਵਤ ਦੀ ਦੋ ਪੂਰਵ ਵਲ ਅਤੇ ਦੋ ਪਛਮ ਵੱਲ ਦਾੜਾ ਹਨ ਇਨ੍ਹਾਂ ਦਾੜਾ ਦਾ ਅਕਾਰ ਹਾਥੀ ਦੰਦ ਵਰਗਾ ਹੈ। ਇਸ ਪ੍ਰਕਾਰ ਉਤਰ ਵਿਚ ਸ਼ਿਖਰੀ ਪਰਵਤ ਹੈ ਉਸ ਦੀਆਂ ਵੀ ਇਥੇ ਦੋ ਦਾੜਾ ਹਨ। ਇਕ ਇਕ ਦਾੜਾ ਤੇ 7-7 ਦੀਪ ਹਨ। ਇਸ ਪ੍ਰਕਾਰ 8 ਦਾੜਾਵਾਂ ਦੇ 56 ਦੀਪ ਹਨ। ਇਥੇ ਅਕਰਮ ਭੂਮੀ ਦੀ ਤਰ੍ਹਾਂ ਸਭ ਕੁਝ ਹੈ। ਇਸ ਪ੍ਰਕਾਰ ਮਨੁਖ ਦੀਆਂ 15+30+56=101 ਕਿਸਮਾਂ ਹਨ।

ਅਕਰਮ ਭੂਮੀ ਤੋਂ ਛੁੱਟ ਜੋ ਸਮੁੰਦਰ ਵਿਚਕਾਰ ਦੀਪ ਹਨ ਉਨਾਂ ਨੂੰ ਅਤਰ ਦੀਪ ਆਖਦੇ ਹਨ ਇਸ ਪ੍ਰਕਾਰ 7 ਖੇਤਰਾ ਵਿਚ 56 ਅੰਦਰ ਦੀਪ ਹਨ।

ਮਹਾਵਿਦੇਹ ਖੇਤਰ ਵਿਚ ਹਮੇਸ਼ਾ ਤੀਰਥੰਕਰ ਵਿਚਰਦੇ ਰਹਿੰਦੇ ਹਨ। ਇਸ ਖੇਤਰ ਵਿਚ 32 ਵਿਜੇ (ਉਪਭਾਗ ਹਨ) ਇਹ ਭਾਗ ਜੰਬੂ ਦੀਪ ਦਾ ਹਿਸਾ ਹਨ। ਭਰਤ ਅਤੇ ਐਰਾਵਤ ਵਿਚ ਇਕ ਇਕ (ਵਿਜੈ) ਹੈ। ਇਸ ਤਰ੍ਹਾਂ ਕੁਲ ਮਿਲਾ ਕੇ 34 ਵਿਜੇ ਹਨ। ਧਾਤਕੀ ਖੰਡਾਂ ਵਿਚ 68 ਵਿਜੈ ਹਨ ਅਤੇ ਅਰਧ ਪੁਸ਼ਕਰ ਦੀਪ ਖੰਡ ਅੱਧਾ ਹੋਣ ਕਾਰਣ 68 ਵਿਜੈ ਵਾਲਾ ਹੈ। ਇਸ ਪ੍ਰਕਾਰ ਸਾਰੀ ਧਰਤੀ ਵਿਚ ਢਾਈ ਦੀਪ ਹੀ ਮਨੁੱਖ ਦੀ ਆਬਾਦੀ ਵਾਲੇ ਹਨ। ਇਸ ਨੂੰ ਹੀ ਕਰਮ ਭੂਮੀ ਆਖਦੇ ਹਨ। ਇਥੇ ਹਰ ਸਮੇਂ ਤੀਰਥੰਕਰ ਵਿਦਮਾਨ ਰਹਿੰਦੇ ਹਨ।

ਹਰ ਖੇਤਰ ਵਿਚ ਇਕੋ ਸਮੇਂ ਇਕ ਤੀਰਥੰਕਰ ਘੁੰਮਦਾ ਹੈ ਇਕ ਸਮੇਂ ਵੱਧ ਤੋਂ ਵੱਧ 170 ਤੀਰਥੰਕਰ ਹੀ ਜਨਮ ਲੈ ਸਕਦੇ ਹਨ ਵੱਧ ਨਹੀਂ। ਇਹ ਘਟਨਾ ਦੂਸਰੇ ਤੀਰਥੰਕਰ ਭਗਵਾਨ ਅਜੀਤ ਨਾਥ ਸਮੇਂ ਹੋਈ ਸੀ।

## ਜੋਤਸ਼ ਲੋਕ (ਖਗੋਲ)

ਮੱਧ ਲੋਕਵਰਤੀ ਜੰਬੂ ਦੀਪ ਦੇ ਸੁਦਰਸ਼ਨ ਮੇਰੂ ਦੇ ਕਰੀਬ ਸਮਤਲ ਭੂਮੀ ਤੋਂ 790 ਯੋਜਨ ਉਚਾ ਤਾਰਾ ਮੰਡਲ ਹੈ ਜਿਥੇ ਅਧੇ ਕੋਹ ਲੰਬੇ ਚੋੜੇ ਤੇ 3/4 ਕੋਹ ਉਚੇ ਤਾਰਾ ਵਿਮਾਨ ਹਨ। ਤਾਰਾ ਮੰਡਲ ਤੋਂ 10 ਯੋਜਨ ਉਪਰ ਇਕ ਯੋਜਨ ਦੇ 61 ਵੇ ਭਾਗ ਵਿਚੋਂ 48 ਭਾਗ ਲੰਬਾ ਚੋੜਾ ਅਤੇ 24 ਭਾਗ ਉੱਚਾ ਅੰਕਰਤਨ ਸੂਰਜ ਦੇਵ ਦਾ ਵਿਮਾਨ ਹੈ।

ਸੂਰਜ ਦੇਵ ਦੇ ਵਿਮਾਨ ਤੋਂ 80 ਯੋਜਨ ਉਪਰ ਇਕ ਯੋਜਨ ਦੇ 61 ਭਾਗ ਵਿਚੋਂ 56 ਭਾਗ ਲੰਬਾ-ਚੋੜਾ ਅਤੇ 28 ਭਾਗ ਉੱਚਾ ਚੰਦਰਮਾ ਦਾ ਵਿਮਾਨ ਹੈ।

ਚੰਦਰ ਵਿਮਾਨ ਤੋਂ 4 ਯੋਜਨ ਉਪਰ ਨਛੱਤਰ ਮਾਲਾ ਹੈ ਇਸ ਵਿਚ ਰਤਨਾ ਵਰਗੇ ਪੰਜ ਰੰਗੇ ਵਿਮਾਨ ਇਕ ਇਕ ਕੋਹ ਲੰਬੇ ਚੋੜੇ ਅਤੇ 1/2 ਕੋਹ ਉਚੇ ਹਨ। ਨਛੱਤਰ ਮਾਲਾ

ਤੋਂ 4 ਯੋਜਨ ਉਪਰ ਗ੍ਰਹਿ ਮਾਲਾ ਹੈ ਗ੍ਰਹਿ ਮਾਲਾ ਦੇ ਵਿਮਾਨ ਪੰਜ ਰੰਗੇ ਰਤਨਾ ਵਰਗੇ ਹਨ। ਇਹ ਦੋ ਕੋਹ ਲੰਬੇ ਚੌੜੇ ਅਤੇ ਇਕ ਕੋਹ ਉਚੇ ਗ੍ਰਹਿਮਾਲਾ ਤੋਂ 4 ਯੋਜਨ ਉਪਰ ਹਰਿਤ ਰਤਨ ਬੁੱਧ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਰਤਨ ਵਰਗਾ ਸ਼ੁਕਰ ਤਾਰਾ ਹੈ। ਇਸ ਤਿੰਨ ਯੋਜਨ ਉਪਰ ਪੀਲੇ ਰਤਨ ਵਰਗਾ ਬ੍ਰਹਸਪਤੀ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਮੰਗਲ ਦਾ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਲਾਲ ਰੰਗ ਦਾ ਮੰਗਲ ਤਾਰਾ ਹੈ। ਇਸ ਤੋਂ ਤਿੰਨ ਯੋਜਨ ਉਪਰ ਜਾਮੁਨ ਵਰਗਾ ਸ਼ਨੀ ਦਾ ਤਾਰਾ ਹੈ ਇਹ ਸਭ ਤੋਂ ਉਪਰ ਹੈ ਇਸ ਪ੍ਰਕਾਰ ਸਾਰਾ ਜੋਤਸ਼ ਚੱਕਰ ਮੱਧ ਲੋਕਾਂ ਵਿਚ ਹੀ ਹੈ ਅਤੇ ਸਮਤੱਲ ਤੋਂ 790 ਯੋਜਨ ਦੀ ਉਚਾਈ ਤੋਂ ਸ਼ੁਰੂ ਹੋ 900 ਯੋਜਨ ਤਕ ਅਰਥਾਤ 110 ਯੋਜਨ ਤੇ ਸਥਿਤ ਹੈ। ਜੋਤਿਸ਼ ਦੇਵਾਂ ਦੇ ਵਿਮਾਨ ਜੰਬੂ ਦੀਪ ਦੇ ਮੇਰੂ ਪਰਬਤ ਤੋਂ 1121 ਯੋਜਨ ਦੂਰ ਚਾਰੋ ਪਾਸੇ ਘੁਮਦੇ ਰਹਿੰਦੇ ਹਨ।

## ਅਧੋ ਲੋਕ (ਨਰਕ)

ਮੱਧ ਲੋਕ ਤੋਂ ਹੇਠਾਂ ਦਾ ਪ੍ਰਦੇਸ਼ ਅਧੋ ਲੋਕ ਹੈ। ਇਸ ਵਿਚ 7 ਨਰਕ ਪ੍ਰਿਥਵੀਆਂ ਹਨ। ਸੱਤਾ ਦੀ ਚੋੜਾਈ ਇਕ ਤਰਾਂ ਦੀ ਨਹੀਂ। ਹੇਠਾਂ ਦੀਆਂ ਭੂਮੀਆਂ ਉਪਰ ਦੀਆਂ ਭੂਮੀਆਂ ਤੋਂ ਇਕ ਦੂਸਰੇ ਤੋਂ ਵਧ ਹਨ। ਇਹ ਭੂਮੀਆਂ ਇਕ ਦੂਸਰੇ ਦੇ ਹੇਠਾ ਹਨ ਫੇਰ ਵੀ ਇਕ ਦੂਸਰੇ ਨਾਲ ਜੁੜੀਆਂ ਨਹੀਂ। ਵਿਚਕਾਰ ਖਾਲੀ ਜਗਾ ਹੈ। ਸੱਤ ਨਰਕ ਭੂਮੀਆਂ ਦੇ ਨਾਂ ਇਸ ਪ੍ਰਕਾਰ ਹਨ: 1) ਰਤਨ ਪ੍ਰਭਾ 2) ਸ਼ਰਕਰ ਪ੍ਰਭਾ 3) ਬਾਲੁਕਾ ਪ੍ਰਭਾ 4) ਪੰਕ ਪ੍ਰਭਾ 5) ਧੂਮ ਪ੍ਰਭਾ 6) ਤਮ ਪ੍ਰਭਾ 7) ਤੱਮ ਤਮ ਪ੍ਰਭਾ। ਨਰਕ ਭੂਮੀ ਵਿਚ ਹਨੇਰਾ ਹੈ।

ਰਤਨ ਪ੍ਰਭਾ ਨਰਕ ਉਪਰ ਜੋ 1000 ਯੋਜਨ ਦਾ ਪਿੰਡ ਹੈ ਉਸ ਵਿਚ ਉਪਰ 10 ਹਿਸੇ ਹਨ ਉਨ੍ਹਾਂ 10 ਹਿਸਿਆਂ ਵਿਚਾਰਕਾਰ10 ਪ੍ਰਕਾਰ ਦੇ 10 ਭਵਨ ਪਤਿ ਦੇਵਤੇ ਰਹਿੰਦੇ ਹਨ। ਸਭ ਤੋਂ ਉਪਰ ਵਾਨਾਵਿਅੰਤਰ ਦੇਵ ਰਹਿੰਦੇ ਹਨ। ਜੈਨ ਦਰਸ਼ਨ ਅਨੁਸਾਰ ਪ੍ਰਿਥਵੀ ਦਾ ਅਧਾਰ ਇਸ ਪ੍ਰਕਾਰ ਮੰਨਿਆ ਹੈ।

ਸਭ ਤੋਂ ਹੇਠਾਂ ਅਕਾਸ਼ ਹੈ ਫੇਰ ਤਨ ਵਾਯੂ (ਹਲਕੀ ਹਵਾ) ਫੇਰ ਤਨ ਦਧਿ (ਹਲਕਾ ਪਾਣੀ ਧੁੰਦ ਵਰਗਾ) ਘਨਵਾਯੂ (ਤੂਫਾਨੀ ਹਵਾ), ਘਨੋਦਧਿ ਬਰਫ (ਜਿਹਾ ਜਮਿਆ ਪਾਣੀ) ਉਸ ਦੇ ਉਪਰ ਪ੍ਰਿਥਵੀ ਹੈ। ਸਾਰੀ ਨਰਕ ਦੀ ਪ੍ਰਿਥਵੀ ਵੀ ਇਸ ਅਧਾਰ ਤੇ ਟਿਕੀ ਹੋਈ ਹੈ ਸੱਤ ਪ੍ਰਿਥਵੀ ਵਿਚੋਂ 6 ਪਿਥਵੀ ਤੇ ਨਾਰਕੀ ਹਨ। ਸਤ ਪ੍ਰਿਥਵੀ ਦੇ ਉਪਰ ਮੱਧ ਲੋਕ ਹੈ। ਜਿਸ ਤੇ ਮਨੁਖ ਰਹਿੰਦੇ ਹਨ।

ਪਹਿਲੀ ਨਰਕ ਰਤਨ ਪ੍ਰਭਾ ਦੇ ਤਿੰਨ ਹਿੱਸੇ ਹਨ। ਜਿਸ ਦੀ ਉਪਰ ਤੋਂ ਹੇਠਾਂ ਦੀ

ਮੋਟਾਈ 16000 ਯੋਜਨ ਹੈ। ਇਸ ਨੂੰ ਖਰ ਕਾਂਡ ਆਖਦੇ ਹਨ ਦੂਸਰੇ ਹਿਸੇ ਨੂੰ ਪੰਕ ਬਹੁਲ ਆਖਦੇ ਹਨ ਜਿਸ ਦੀ ਮੋਟਾਈ 80000 ਯੋਜਨ ਹੈ ਉਸ ਦੇ ਹੇਠਾਂ ਜਲ ਬਹੁਲ ਨਾਂ ਦਾ ਨਰਕ ਹੈ। 1,80000 ਯੋਜਨ ਮੋਟਾਈ ਵਾਲਾ ਨਰਕ ਹੈ।

ਇਸ ਤੋਂ ਉਪਰ ਅਤੇ ਹੇਠ 1000-1000 ਯੋਜਨ ਛੱਡ ਕੇ ਵਿਚਕਾਰ 178000 ਯੋਜਨ ਦੀ ਵਿੱਥ ਹੈ। ਜਿਸ ਵਿਚ 13 ਪਾਥੜੇ ਅਤੇ 12 ਅੰਤਰ ਹਨ ਵਿਚਕਾਰਲੇ 10 ਅੰਤਰਾਂ ਵਿਚ ਅਸੁਰ ਕੁਮਾਰ ਆਦਿ ਭਵਨਪਤੀ ਦੇਵ ਰਹਿੰਦੇ ਹਨ। ਹਰ ਪਾਥੜੇ ਦੇ ਦਰਮਿਆਨ 1000 ਯੋਜਨ ਦੀ ਪੋਲ ਹੈ। ਜਿਸ ਵਿਚ 30 ਲੱਖ ਨਰਕਾਵਾਸ ਹਨ।

ਦੂਸਰੀ ਨਰਕ ਦੀ ਮੋਟਾਈ 1,32000 ਯੋਜਨ ਹੈ, ਤੀਸਰੀ ਨਰਕ ਦੀ ਮੋਟਾਈ 1,28000 ਯੋਜਨ ਹੈ। ਚੋਥੀ ਨਰਕ ਦੀ ਮੋਟਾਈ 1,20000 ਯੋਜਨ ਹੈ। ਪੰਜਵੀਂ ਨਰਕ ਦੀ ਮੋਟਾਈ 1,18000 ਯੋਜਨ ਹੈ। ਛੇਵੀ, ਨਰਕ ਦੀ ਮੋਟੀ 1,16000 ਯੋਜਨ ਹੈ, ਸਤਵੀ ਨਰਕ ਦੀ ਮੋਟਾਈ 10,8000 ਯੋਜਨ ਹੈ।

ਪਹਿਲੀ ਰਤਨ ਪ੍ਰਭਾ ਨਰਕ ਦੀ ਮੋਟਾਈ ਜੋ ਦਸੀ ਗਈ ਹੈ ਉਸ ਦੇ ਉਪਰ ਤੇ ਹੇਠ 1000-1000 ਯੋਜਨ ਛੱਡ ਕੇ ਬਾਕੀ ਹਿਸੇ ਵਿਚ ਨਰਕ ਵਾਸ ਹਨ।

ਇਨ੍ਹਾਂ ਸੱਤ ਭੂਮੀਆ ਵਿਚ ਨਾਰਕੀ ਜੀਵ ਆਪਣੇ ਕਰਮਾਂ ਦੇ ਅਨੁਸਾਰ ਜਨਮ ਲੈਂਦੇ ਹਨ। ਜਿਊ ਜਿਊ ਨਰਕੀ ਜੀਵ ਹੇਠਾ ਜਾਂਦੇ ਹਨ ਕਰੁਪਤਾ ਭਿਅੰਕਰ ਅਤੇ ਬੇਡੋਲਪੁਣਾ ਵੱਧਦਾ ਜਾਂਦਾ ਹੈ।

ਨਰਕ ਭੂਮੀ ਵਿਚ ਤਿੰਨ ਪ੍ਰਕਾਰ ਦੇ ਕਸ਼ਟ ਹੁੰਦੇ ਹਨ। [1] ਪਰਮ ਧਾਰਮਿਕ ਰਾਹੀਂ [2] ਖੇਤਰ ਗੁਮਿਤ ਨਰਕ ਦੀ ਭੂਮੀ ਖੂਨ ਨਾਲ ਲੱਥ ਪਥ, ਕੀਚੜ ਨਾਲ ਭਰੀ ਜਾਂ ਬਹੁਤ ਠੰਡੀ ਜਾਂ ਬਹੁਤ ਗਰਮ ਹੁੰਦੀ ਹੈ ਇਸ ਕਾਰਨ ਕਸ਼ਟ ਹੁੰਦਾ ਹੈ। [3] ਨਾਰਕੀ ਜੀਵ ਇਕ ਦੂਸਰੇ ਨਾਲ ਹਮੇਸ਼ਾ ਲੜਦੇ ਰਹਿੰਦੇ ਹਨ।

ਪਰਮ ਧਾਰਮਿਕ ਅਸੁਰ ਤੀਸਰੇ ਨਰਕ ਤਕ ਹੀ ਜਾਂਦੇ ਹਨ। ਇਹ ਸੁਭਾਵ ਤੋਂ ਕਠੋਰ ਪਾਪ ਕਰਮ ਕਰਨ ਵਾਲੇ ਦੁਖ ਦੇ ਕੇ ਖੁਸ਼ੀ ਮਨਾਉਣ ਵਾਲੇ ਹੁੰਦੇ ਹਨ, ਨਰਕ ਦੇ ਜੀਵ ਨੂੰ ਭਿੰਨ ੨ ਕਿਸਮ ਦੀਆਂ ਸਜ਼ਾਵਾਂ ਇਹੋ ਦਿੰਦੇ ਹਨ। ਪਹਿਲੀ ਤੋਂ ਸਤਵੀ ਨਰਕ ਤਕ ਕਸ਼ਟ ਵਧਦਾ ਹੀ ਜਾਂਦਾ ਹੈ।

ਅਗਲੇ ਚਾਰ ਨਰਕਾਂ ਵਿਚ ਦੋ ਹੀ ਤਰ੍ਹਾਂ ਦੇ ਕਸ਼ਟ ਹਨ।

ਨਾਰਕੀ ਜੀਵਾਂ ਪਾਸ ਵੇਕਰੀਆ ਸ਼ਰੀਰ ਹੁੰਦਾ ਹੈ ਇਨ੍ਹਾਂ ਜੀਵਾਂ ਨੂੰ ਦੇਵਤਿਆਂ ਦੀ ਤਰ੍ਹਾਂ ਅਵਧੀ ਗਿਆਨ ਹੁੰਦਾ ਹੈ। ਇਹ ਵੇਖਣ ਨੂੰ ਕਈ ਵਾਰ ਮਰਦੇ ਹਨ। ਪਰ ਵੇਕਰੀਆ ਕਾਰਨ ਫੇਰ ਜਿਉਂਦੇ ਹੋ ਜਾਂਦੇ ਹਨ। ਨਾਰਕੀ ਆਪਣੀ ਨਿਸ਼ਚਿਤ ਆਯੂ ਪੂਰੀ ਕਰਦੇ ਹੀ ਨਾਰਕੀ ਸਰੀਰ ਤੋਂ ਛੁਟਕਾਰਾ ਪਾਉਂਦੇ ਹਨ।

ਇਸ ਲੋਕ ਦੇ ਚਾਰੇ ਪਾਸੇ ਅਲੋਕ ਆਕਾਸ਼ [ਹਨੇਰਾ] ਹੈ। ਸੰਖੇਪ ਵਿਚ ਇਹੋ ਤਿੰਨ

ਲੋਕ ਦੀ ਰਚਨਾ ਹੈ।

## ਲੋਕ ਦੀ ਸਥਿਤੀ

ਲੋਕ ਸ਼ਾਸਵਤ ਹੈ ਇਹ ਕਿਸੇ ਨੇ ਨਹੀਂ ਬਣਾਇਆ। ਲੋਕ ਅਤੇ ਅਲੋਕ ਵਿਚ ਪਹਿਲਾਂ ਪਿਛੇ ਦਾ ਕੋਈ ਕ੍ਰਮ ਨਹੀਂ। ਲੋਕ ਦੀ ਸਥਿਤੀ ਇਸ ਪ੍ਰਕਾਰ ਹੈ। ਵਾਯੂ ਅਕਾਸ਼ ਤੇ ਟਿਕੀ ਹੋਈ ਹੈ ਸਮੁੰਦਰ ਹਵਾ ਤੇ ਟਿਕਿਆ ਹੈ। ਪ੍ਰਿਥਵੀ ਸਮੁੰਦਰ ਤੇ ਟਿਕੀ ਹੈ। ਤਰੱਸ ਸਥਾਵਰ ਜੀਵ ਪ੍ਰਿਥਵੀ ਤੇ ਟਿਕੇ ਹਨ ਅਜੀਵ ਜੀਵ ਦੇ ਸਹਾਰੇ ਹੈ। ਸ਼ਕਰਮ ਜੀਵ ਕਰਮ ਦੇ ਸਹਾਰੇ ਹੈ ਅਜੀਵ ਜੀਵ ਰਾਹੀਂ ਸੰਗ੍ਰਹਿਤ ਹੈ ਜੀਵ ਕਰਮ ਸੰਗ੍ਰਹਿਤ ਹੈ।

# ਆਤਮਾ

ਭਾਰਤੀ ਦਰਸ਼ਨ ਸ਼ਾਸਤਰ ਵਿਚ ਆਤਮਾ ਬਾਰੇ ਕਈ ਮਾਨਤਾਵਾਂ ਪ੍ਰਸਿੱਧ ਹਨ। ਅਸੀਂ ਇਥੇ ਆਤਮਾ ਸਬੰਧੀ ਬੁੱਧ, ਨਿਆਏ, ਸਾਂਖਯ, ਵੇਦਾਂਤੀ, ਵੈਸ਼ੀਸ਼ਕ ਅਤੇ ਉਪਨਿਸਧ ਦਰਸ਼ਨ ਦਾ ਖਾਸ ਉਲੇਖ ਕਰਾਂਗੇ।

**ਬੁੱਧ ਦਰਸ਼ਨ :**

ਬੁੱਧ ਆਪਣੇ ਆਪਨੂੰ ਅਨਾਤਮਵਾਦੀ ਮੰਨਦੇ ਹਨ। ਬੋਧੀ ਆਤਮਾ ਦੀ ਹੋਂਦ ਨੂੰ ਸੱਚ ਨਹੀਂ ਕਾਲਪਨਿਕ ਸੰਗਿਆ (ਨਾਮ) ਆਖਦੇ ਹਨ। ਛਿਨ ਛਿਨ ਨਸ਼ਟ ਅਤੇ ਉਤਪੰਨ ਹੋਣ ਵਾਲੀ ਵਿਗਿਆਨ (ਚੇਤਨਾ) ਅਤੇ ਰੂਪ (ਭੌਤੀਕ ਸ਼ਰੀਰ) ਦੀ ਸੰਸਾਰਿਕ ਯਾਤਰਾ ਹੀ ਆਤਮਾ ਹੈ। ਆਤਮਾ ਕੋਈ ਹਮੇਸ਼ਾ ਰਹਿਣ ਵਾਲਾ (ਨਿੱਤ) ਨਹੀਂ ਹੈ। ਫੇਰ ਵੀ ਬੁੱਧ ਧਰਮ ਵਾਲੇ ਕਰਮ, ਪੁਰਨ ਜਨਮ ਅਤੇ ਮੁਕਤੀ (ਨਿਰਵਾਨ)ਨੂੰ ਮੰਨਦੇ ਹਨ ਆਤਮਾ ਦੇ ਸਬੰਧ ਵਿਚ ਬੁੱਧ ਚੁਪ ਹੀ ਰਹੇ ਹਨ। ਆਤਮਾ ਸਥਾਈ ਨਹੀਂ, ਸਿਰਫ ਚੇਤਨਾ ਦਾ ਵਹਾ ਹੈ।

**ਨਿਆਇਕ :**

ਆਤਮਾ ਨਿੱਤ ਅਤੇ ਵਿਭੂ ਹੈ। ਇੱਛਾ, ਦਵੇਸ਼, ਪ੍ਰਯਤਨ, ਸੁਖ ਦੁੱਖ ਗਿਆਨ ਇਹ ਉਸਦੇ ਲਿੰਗ ਹਨ ਆਤਮਾ ਨਿੱਤ ਹੈ ਉਸ ਦੀ ਚੇਤਨਾ ਸਥਿਰ ਨਹੀਂ।

**ਸਾਂਖਯ :**

ਸਾਂਖਯ ਜੀਵ (ਆਤਮਾ) ਨੂੰ ਕਰਤਾ ਨਹੀਂ ਮੰਨਦੇ। ਫਲ ਭੋਗਨ ਵਾਲਾ ਮੰਨਦੇ ਹਨ। ਉਨ੍ਹਾਂ ਦੇ ਮੱਤ ਅਨੁਸਾਰ ਕਰਤਾ ਸ਼ਕਤੀ ਪ੍ਰਾਕ੍ਰਿਤੀ ਹੈ। ਆਤਮਾ ਸਥਾਈ, ਅਨਾਦਿ, ਅਨੰਤ, ਅਵਿਕਾਰੀ ਨਿੱਤ ਅਤੇ ਚਿੱਤ ਸਵਰੂਪ ਹੈ।

**ਵੇਦਾਂਤੀ :**

ਸੁਭਾਵ ਪਖੋਂ ਇਕ ਹੀ ਆਤਮਾ ਹੈ ਪਰ ਦੇਹ ਪਖੋਂ ਭਿੰਨ ਭਿੰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਆਤਮਾ ਪ੍ਰਮਾਤਮਾ ਦਾ ਹੀ ਵਿਸਥਾਰ ਹੈ।

ਰਾਮਾਨੁਜ ਦੇ ਮਤ ਅਨੁਸਾਰ ਜੀਵ ਅਨੰਤ ਹਨ ਅਤੇ ਇਕ ਦੂਸਰੇ ਤੋਂ ਭਿੰਨ ਹਨ।

**ਵੈਸ਼ੇਸਿਕ :**

ਸੁਖ ਦੁਖ ਦੀ ਸਮਾਨਤਾ ਪਖੋਂ ਆਤਮਾ ਇਕ ਹੈ ਪਰ ਵਿਵਸਥਾ ਪਖੋਂ ਅਨੇਕ ਹੈ। ਮੋਕਸ਼ ਵਿਚ ਉਸ ਦੀ ਚੇਤਨਾ ਨਸ਼ਟ ਹੋ ਜਾਂਦੀ ਹੈ।

## ਉਪਨਿਸ਼ਦ ਤੇ ਗੀਤਾ :

ਆਤਮਾ ਸ਼ਰੀਰ ਤੋਂ ਵਿਲੱਖਨ, ਮਨ ਤੋਂ ਭਿੰਨ, ਵਿਭੂ ਵਿਆਪਕ ਹੈ ਇਹ ਅਵਸਥਾ ਪਖੋਂ ਨਾ ਬਦਲਨ ਯੋਗ ਹੈ। ਵਿਆਖਿਆ ਯੋਗ ਨਹੀਂ। ਉਹ ਨਾ ਸਥੂਲ ਮੋਟੀ ਹੈ ਨਾ ਅਣੂ ਛੋਟੀ, ਨਾ ਵਿਸ਼ਾਲ ਹੈ, ਨਾ ਦਰਵ ਨ ਛਾਂ ਹੈ, ਨਾ ਗਰਮੀ ਹੈ, ਨਾ ਹਵਾ ਹੈ, ਨਾ ਅਕਾਸ਼ ਹੈ ਨਾ ਰੰਗ ਹੈ, ਨਾ ਰਸ ਹੈ ਨਾ ਗੰਧ ਹੈ ਨਾ ਨੇਤਰ ਹੈ ਨਾ ਕੰਨ ਹੈ ਨਾ ਬਾਣੀ ਹੈ, ਨਾ ਮਨ ਹੈ, ਨਾ ਤੇਜ ਹੈ, ਨਾ ਪ੍ਰਾਣ ਹੈ ਨਾ ਸੁਖ ਹੈ ਨਾ ਮਾਪ ਹੈ ਉਸ ਦਾ ਅੰਦਰ ਬਾਹਰ ਕੁਝ ਨਹੀਂ।

ਉਪਨਿਸ਼ਦਾਂ ਵਿਚ ਸ੍ਰਿਸ਼ਟੀ ਦੇ ਕ੍ਰਮ ਵਿਚ ਆਤਮਾ ਦਾ ਪਹਿਲਾ ਸਥਾਨ ਹੈ ਆਤਮਾ ਸ਼ਬਦ ਤੋਂ ਭਾਵ ਇਥੇ ਬ੍ਰਹਮ ਹੈ। ਬ੍ਰਹਮ ਤੋਂ ਅਕਾਸ਼, ਅਕਾਸ਼ ਤੋਂ ਵਾਯੂ, ਵਾਯੂ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਅਸ਼ੋਧੀ (ਦਵਾਈਆ) ਔਸ਼ਧੀਆਂ ਤੋਂ ਅੰਨ, ਅੰਨ ਤੋਂ ਪੁਰਸ਼ ਉਤਪਨ ਹੋਇਆ। ਇਹ ਪੁਰਸ ਰਸਮਯ ਹੈ ਅੰਨ ਤੇ ਰਸ ਦਾ ਵਿਕਾਰ (ਸਿਟਾ) ਹੈ। ਪ੍ਰਾਣਵਾਨ ਆਤਮਾ (ਸ਼ਰੀਰ) ਅੰਨ ਵਾਲੇ ਭੰਡਾਰ ਦੀ ਤਰ੍ਹਾਂ ਪੁਰਸ਼ਅਕਾਰ ਹੈ। ਆਤਮਾ ਦੇ ਅੰਗ ਉਪ ਅੰਗ ਨਹੀਂ। ਪ੍ਰਾਣਵਾਨ ਆਤਮਾ ਜਿਵੇਂ ਅੰਨਕੋਸ਼ ਦੇ ਅੰਦਰ ਰਹਿੰਦਾ ਹੈ ਇਸੇ ਤਰ੍ਹਾਂ ਮਨਵਾਲੀ ਆਤਮ, ਪ੍ਰਾਣਗਯ ਕੋਸ਼ ਵਿਚ ਰਹਿੰਦਾ ਹੈ। ਉਪਨਿਸ਼ਧਾ ਵਿਚ ਆਤਮਾ ਬਾਰੇ ਕਈ ਕਲਪਨਾਵਾਂ ਮਿਲਦੀਆਂ ਹਨ ਆਤਮਾ ਪ੍ਰਦੇਸ਼ ਮਾਤਰ (ਅੰਗੂਠੇ ਤੋਂ ਛੋਟੀ ਉਗਲੀ ਤਕ) ਹੈ, ਆਤਮਾ ਸ਼ਰੀਰ ਵਿਆਪੀ ਹੈ ਆਤਮਾ ਸਰਭ ਵਿਆਪੀ ਹੈ ਹਿਰਦੇ ਕਮਲ ਵਿਚ ਮੇਰਾ ਆਤਮਾ ਪ੍ਰਿਥਵੀ, ਅੰਤਰਿਕਸ਼ ਲੋਕ ਤੋਂ ਬੜਾ ਹੈ। ਆਤਮਾ ਅਜਰ, ਅਮਰ, ਹੈ। ਜਨਮ ਜਰਾ ਵਿਆਪੀ ਤੋਂ ਪਰੇ ਹੈ।

ਉਪਰਲੇ ਵਿਸ਼ਲੇਸ਼ਨ ਤੋਂ ਪਤਾ ਚਲਦਾ ਹੈ ਕਿ ਬੁੱਧ ਧਰਮ ਆਤਮਾ ਨੂੰ ਮਰਨ ਵਾਲਾ ਮੰਨਦਾ ਹੈ ਹਰ ਜਨਮ ਵਿਚ ਨਵਾਂ ਆਤਮਾ ਪੈਦਾ ਹੁੰਦਾ ਹੈ ਹਿੰਦੂ ਧਰਮ ਆਤਮਾ ਬਾਰੇ ਇਕ ਮੱਤ ਨਹੀਂ। ਹੁਣ ਅਸੀਂ ਜੈਨ ਧਰਮ ਅਨੁਸਾਰ ਆਤਮਾ ਦੇ ਸਿਧਾਂਤ ਤੇ ਵਿਚਾਰ ਕਰਾਂਗੇ।

## ਜੈਨ ਧਰਮ :

• ਜੈਨ ਧਰਮ ਦਾ ਆਤਮਾ ਬਾਰੇ ਸਿਧਾਂਤ ਅਨੇਕਾਂਤ ਵਾਦ ਤੇ ਅਧਾਰਿਤ ਹੈ ਭਗਵਾਨ ਮਹਾਂਵੀਰ ਸਮੇਂ 363 ਮੱਤ ਸਨ। ਸਭ ਦੀ ਅਪਣੀ ਦਾਰਸ਼ਨਿਕ ਵਿਚਾਰ ਧਾਰਾ ਸੀ। ਉਨ੍ਹਾਂ ਵਿਚ ਦੋ ਪ੍ਰਮੁਖ ਮੱਤ ਸਨ (1) ਅਕ੍ਰਿਆਵਾਦੀ (2) ਕ੍ਰਿਆਵਾਦੀ। ਸਾਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਆਤਮਾ ਕਿਉਂ ਹੈ ? ਅਕ੍ਰਿਆਵਾਦੀ ਆਖਦੇ ਹਨ ਜੋ ਪਦਾਰਥ ਪ੍ਰਤਖ ਹੈ ਨਹੀਂ ਉਸ ਨੂੰ ਕਿਵੇਂ ਮੰਨਿਆ ਜਾਵੇ ? ਆਤਮਾ, ਇੰਦਰੀਆਂ ਅਤੇ ਮਨ ਜਦ ਪ੍ਰਤਖ ਨਹੀਂ ਫੇਰ ਉਸ ਨੂੰ ਕਿਉਂ ਮੰਨਿਆ ਜਾਵੇ। ਕ੍ਰਿਆਵਾਦੀ ਆਖਦੇ ਹਨ "ਪਦਾਰਥਾਂ ਨੂੰ ਜਾਨਣ ਦਾ ਸਾਧਨ ਕੇਵਲ ਇੰਦਰੀਆ ਤੇ ਮਨ ਪ੍ਰਤਖ ਹੀ ਨਹੀਂ ਇਸ ਤੋਂ ਛੁਟ ਅਨੁਭਵ-ਪ੍ਰਤਖ,ਅਨੁਮਾਨ

ਵੀ ਹੈ। ਇੰਦਰੀਆ ਤੇ ਮਨ ਰਾਹੀਂ ਕਿ ਕੀ ਜਾਣਿਆਂ ਜਾ ਸਕਦਾ ਹੈ ?" ਕਿ ਇਨ੍ਹਾਂ ਸ਼ਕਤੀ ਸੀਮਤ ਹੈ, ਇਨ੍ਹਾਂ ਰਾਹੀਂ ਤਾਂ ਅਪਣੇ ਦੋ ਤਿੰਨ ਪੀੜੀ ਪੁਰਾਣੇ ਬਜ਼ੁਰਗ ਠੀਕ ਤਰ੍ਹਾਂ ਨਾਲ ਨਹੀਂ ਜਾਨੇ ਜਾ ਸਕਦੇ। ਇੰਦਰੀਆਂ ਸਿਰਫ ਸਪਰਸ਼, ਰਸ, ਗੰਧ ਆਦਿ ਰੂਪ ਸ਼ਰੂਤ ਦਰਵ ਨੂੰ ਜਾਣਦੀਆਂ ਹਨ। ਮਨ ਇੰਦਰੀਆਂ ਦੇ ਪਿਛੇ ਹੈ। ਸੰਸਾਰ ਦੇ ਸਾਰੇ ਪਦਾਰਥਾਂ ਨੂੰ ਜਾਨਣ ਲਈ ਇੰਦਰੀਆਂ ਤੇ ਮਨ ਤੇ ਨਿਰਭਰ ਹੋ ਜਾਣਾ ਗਲਤੀ ਹੈ। ਆਤਮਾ ਸ਼ਬਦ, ਰੂਪ, ਰਸ, ਗੰਧ ਤੇ ਸ਼ਪਰਸ ਤੋਂ ਰਹਿਤ ਹੈ। ਅਰੂਪੀ ਤੱਤਵ ਇੰਦਰੀਆ ਰਾਹੀਂ ਜਾਨਣੇ ਅਸੰਭਵ ਹਨ। ਇੰਦਰੀਆ ਰਾਹੀਂ ਤਾਂ ਕਈ ਪ੍ਰਤਖ ਬਾਰਿਕ ਪਦਾਰਥ ਵੀ ਨਹੀਂ ਜਾਨੇ ਜਾ ਸਕਦੇ। ਸੋ ਇੰਦਰੀਆ ਪ੍ਰਤਖ ਦਾ ਸਿਧਾਂਤ ਗਲਤ ਹੈ। ਅਨਾਤਮਵਾਦੀਆ ਅਨੁਸਾਰ ਇੰਦਰੀਆਂ ਤੇ ਮਨ ਪ੍ਰਤਖ ਨਹੀਂ, ਇਸ ਲਈ ਉਹ ਨਹੀਂ ਹਨ। ਅਧਿਆਤਮਵਾਦੀ ਆਖਦੇ ਹਨ ਆਤਮਾ ਇੰਦਰੀਆਂ ਤੇ ਮਨ ਵੀ ਵੇਖੇ ਨਹੀਂ ਜਾ ਸਕਦੇ। ਆਤਮਾ ਦੀ ਸਿਧੀ ਲਈ ਹੇਠ ਲਿਖੇ ਪ੍ਰਮਾਣ ਹਨ।

(1) ਆਤਮਾ ਅਨੁਭਵ ਰਾਹੀਂ ਸਿਧ ਹੈ 'ਮੈਂ ਹਾਂ', ਦੁਖੀ ਹਾਂ ਸੁਖੀ ਹਾਂ ਇਹ ਅਨੁਭਵ ਸਰੀਰ ਤੋਂ ਭਿੰਨ ਨਹੀਂ ਹੁੰਦਾ। ਸਰੀਰ ਤੋਂ ਭਿੰਨ ਜੋ ਵਸਤੂ ਹੈ ਉਸ ਤੋਂ ਇਹ ਹੁੰਦਾ ਹੈ।

(2) ਹਰ ਪਦਾਰਥ ਵਸਤੂ ਵਿਸ਼ੇਸ਼ ਗੁਣ ਰਾਹੀਂ ਸਿਧ ਕੀਤਾ ਜਾਂਦਾ ਹੈ ਜਿਸ ਪਦਾ-ਰਥ ਵਿਚ ਤ੍ਰਿਲੋਕ ਵਰਤੀ ਗੁਣ ਮਿਲੇ, ਜੋ ਕਿਸੇ ਹੋਰ ਪਦਾਰਥ ਵਿਚ ਨਾ ਮਿਲੇ ਉਹ ਸੁਤੰਤਰ ਦਰਵ ਆਤਮਾ ਹੀ ਹੋ ਸਕਦਾ ਹੈ। ਆਤਮਾ ਵਿਚ ਚੇਤਨਾ ਨਾ ਦਾ ਵਿਸ਼ੇਸ਼ ਗੁਣ ਹੈ।

(3) ਭੋਰੇ ਵਿਚ ਬੈਠਾ ਮਨੁੱਖ ਇਹ ਨਹੀਂ ਜਾਨ ਸਕਦਾ ਕਿ ਸੂਰਜ ਨਿਕਲ ਚੁਕਾ ਹੈ ਕਿ ਨਹੀਂ।

(4) ਹਰ ਇੰਦਰੀਆ ਤੋਂ ਨਿਸ਼ਚਿਤ ਵਿਸ਼ੇ ਦਾ ਹੀ ਗਿਆਨ ਹੁੰਦਾ ਹੈ।

ਇਕ ਇੰਦਰੀਆਂ ਤੋਂ ਦੂਸਰੀ ਇੰਦਰੀ ਦਾ ਗਿਆਨ ਨਹੀਂ ਹੁੰਦਾ। ਇਸ ਲਈ ਇੰਦਰੀਆ ਦਾ ਗਿਆਨ ਅੱਡ ਹੈ ਇਨ੍ਹਾਂ ਦਾ ਇਕੱਠਾ ਗਿਆਨ ਕਰਾਉਣ ਵਾਲਾ ਪਦਾਰਥ ਅੱਡ ਮੰਨਣਾ ਪਵੇਗਾ। ਇਹੋ ਆਤਮਾ ਹੈ।

(5) ਪਦਾਰਥ ਨੂੰ ਜਾਨਣ ਵਾਲਾ ਆਤਮਾ ਹੈ ਇੰਦਰੀਆਂ ਨਹੀਂ। ਇੰਦਰੀਆ ਜਾਨਣ ਦਾ ਸਾਧਨ ਹਨ ਆਤਮਾ ਦੇ ਚਲੇ ਜਾਨ ਤੇ ਇੰਦਰੀਆ ਵੀ ਕੰਮ ਨਹੀਂ ਕਰ ਸਕਦੀਆਂ। ਇੰਦਰੀਆਂ ਦੇ ਨਸ਼ਟ ਹੋ ਜਾਣ ਤੇ ਆਤਮ ਦੇ ਗਿਆਨ ਤੇ ਕੋਈ ਅਸਰ ਨਹੀਂ ਪੈਂਦਾ। ਜਿਵੇਂ ਕੰਨ ਦਾ ਪਰਦਾ ਫਟ ਜਾਨ ਤੇ, ਫੇਰ ਵੀ ਸੁਨਣ ਦਾ ਗਿਆਨ ਠੀਕ ਰਹਿੰਦਾ ਹੈ। ਸੋ ਇਹ ਗਲ ਮੰਨਣੀ ਜ਼ਰੂਰੀ ਹੈ ਕਿ ਇੰਦਰੀਆਂ ਨੂੰ ਸਥਿਰ ਕਰਨ ਵਾਲਾ ਕੋਈ ਹੋਰ ਤੱਤਵ ਹੈ।

(6) ਜੜ ਤੇ ਚੇਤਨ ਦੋ ਪਦਾਰਥ ਹਨ ਜੜ ਕਦੇ ਚੇਤਨ ਨਹੀਂ ਬਣ ਸਕਦਾ ਨਾ ਜੜ ਚੇਤਨ ਨੂੰ ਪੈਦਾ ਕਰਦਾ ਹੈ।

(7) ਜੜ ਕਦੇ ਚੇਤਨ ਨਹੀਂ ਹੁੰਦਾ।

(8) ਜਿਸ ਵਸਤੂ ਵਿਚ ਵਿਰੋਧੀ ਤੱਤਵ ਨਾ ਮਿਲੇ ਉਸ ਦਾ ਅਸਿੱਤਤਵ ਸਿਧ ਨਹੀਂ

ਹੁੰਦਾ । ਜੇ ਚੇਤਨ ਨਾ ਦੀ ਕੋਈ ਸੱਤਾ ਨਹੀਂ ਤਾਂ ਅਚੇਤਨ ਦੀ ਸੱਤਾ ਸਿੱਧ ਕਰਨੀ ਮੁਸ਼ਕਿਲ ਹੈ ।

ਗਿਆਏ (ਜਾਨਣ ਯੋਗ) ਵਸਤੂ, ਇੰਦਰੀਆ ਤੇ ਆਤਮਾ ਤਿੰਨੋ ਭਿੰਨ ਭਿੰਨ ਹਨ । ਆਤਮਾ ਗਿਆਤਾ ਹੈ । ਇੰਦਰੀਆ ਗ੍ਰਹਿਣ ਕਰਨ ਦੇ ਸਾਧਨ ਹੈ । ਵਸਤੂ ਸਮੂਹ ਗ੍ਰਹਿਣ ਯੋਗ ਹੈ । ਲੋਹਾਰ ਸੰਡਾਸੀ ਨਾਲ ਲੋਹੇ ਦਾ ਪਿੰਡ ਉਠਉਂਦਾ ਹੈ ਲੋਹਾ ਪਿੰਡ (ਗ੍ਰਹਿਣ ਯੋਗ) ਸੰਡਾਸੀ (ਗ੍ਰਹਿਣ ਦਾ ਸਾਧਨ) ਅਤੇ ਲੋਹਾਰ ਗ੍ਰਹਿਣ ਕਰਨ ਵਾਲਾ ਹੈ । ਲੋਹਾਰ ਨਾ ਹੋਵੇ ਤਾਂ ਸੰਡਾਸੀ ਤੇ ਲੋਹਾ ਬੇਕਾਰ ਹੈ । ਆਤਮਾ ਦੇ ਚਲੇ ਜਾਣ ਨਾਲ ਇੰਦਰੀਆ ਅਪਣੇ ਵਿਸ਼ੇ ਦਾ ਗ੍ਰਹਿਣ ਨਹੀਂ ਕਰ ਸਕਦੀ ।

### ਆਤਮਾ ਕੀ ਹੈ ?

ਆਤਮਾ ਦੇ ਇਕ ਜਾਂ ਅਨੇਕ ਦੀ ਤਰ੍ਹਾਂ ਆਤਮਾ ਦਾ ਪਰਿਮਾਣ ਨੂੰ ਲੈਕੇ (ਅਕਾਰ) ਦਾਰਸ਼ਨਿਕਾਂ ਵਿਚ ਕਾਫੀ ਵਹਿਸ ਚਲਦੀ ਰਹੀ ਹੈ । ਕੋਈ ਆਤਮਾ ਦਾ ਅਕਾਰ ਅਣੂ ਦੀ ਤਰ੍ਹਾਂ ਆਖਦਾ ਹੈ ਕੋਈ ਚਾਵਲ ਵਰਗਾ ਕੋਈ ਅੰਗੂਠੇ ਵਰਗ, ਕੋਈ ਸ਼ਰੀਰ ਦੇ ਕਣ ਕਣ ਵਿਚ ਅਤੇ ਕੋਈ ਆਤਮਾ ਨੂੰ ਸਾਰੀ ਸ੍ਰਿਸਟੀ ਵਿਚ ਫੈਲਿਆ ਮੰਨਦਾ ਹੈ । ਜੈਨ ਦਰਸ਼ਨ ਅਨੁਸਾਰ ਆਤਮਾ ਸ਼ਰੀਰ ਦੇ ਕਣ ਕਣ ਵਿਚ ਫੈਲੀ ਹੋਈ ਹੈ । ਇਸੇ ਕਾਰਣ ਸ਼ਰੀਰ ਦਾ ਕੋਈ ਅੰਗ ਕਟਣ ਤੇ ਉਸਦਾ ਦੁੱਖ ਇਕ ਅੰਗ ਨਹੀਂ ਮਹਿਸੂਸ ਕਰਦਾ, ਸਗੋਂ ਸਾਰਾ ਸ਼ਰੀਰ ਕਰਦਾ ਹੈ । ਸਿੱਧ ਅਵਸਥਾ ਵਿਚ ਕਿਸੇ ਤਰ੍ਹਾਂ ਦੇ ਸਰੀਰ ਨਾ ਰਹਿਨ ਤੇ ਵੀ ਨਿਰਾਕਾਰ ਅਕਾਰ ਵਿਚ ਆਤਮ ਪ੍ਰਦੇਸ਼ ਬਾਕੀ ਰਹਿੰਦੇ ਹਨ । ਕੇਵਲ ਗਿਆਨੀ ਨਿਰਵਾਨ ਸਮੇਂ ਆਯੁਸ਼ ਕਰਮ ਥੋੜਾ ਅਤੇ ਵੈਦਨੀਆਂ ਕਰਮ ਜਿਆਦਾ ਰਹਿ ਜਾਵੇ, ਤਾਂ ਦੋਹਾਂ ਕਰਮਾਂ ਨੂੰ ਸਮ ਬਨਾਉਣ ਲਈ ਕੇਵਲ ਗਿਆਨੀ ਸਮੁਦਘਾਤ ਕ੍ਰਿਆ ਕਰਦੇ ਹਨ । ਇਸ ਪ੍ਰਕ੍ਰਿਆ ਵਿਚ ਉਹ ਆਪਣੇ ਆਤਮ ਪ੍ਰਵੇਸ਼ਾਂ ਨੂੰ ਸਾਰੇ ਲੋਕ ਵਿਚ ਫੈਲਾ ਦਿੰਦੇ ਹਨ ਅਤੇ ਫੇਰ ਸਮੇਟ ਕੇ ਸਿਧ ਗਤਿ ਪ੍ਰਾਪਤ ਕਰ ਲੈਂਦੇ ਹਨ । ਇਸ ਪਖੋਂ ਆਤਮਾ ਸਰਵ ਵਿਆਪਕ ਹੈ । ਪਰ ਉਂਝ ਆਤਮਾ ਸਰਬ ਵਿਆਪਕ ਨਹੀਂ, ਸਗੋਂ ਸ਼ਰੀਰ ਵਿਆਪਕ ਹੈ । ਸੰਖਿਆ ਪਖੋਂ ਆਤਮਾ ਅਨੰਤ ਅੰਸਿਖਆਤ ਪ੍ਰਦੇਸ਼ੀ ਹਨ । ਹਰ ਜੀਵ ਦੀ ਵਖ ਸੁਤੰਤਰ ਹੋਣ ਹੈ । ਪਰ ਗੁਣਾਂ ਪਖੋਂ ਆਤਮਾ ਇਕ ਹੈ । ਇੰਦਰੀਆਂ ਪੁਦਗਲ ਹਨ ਆਤਮਾ ਪੁਦਗਲ ਨਹੀਂ । ਕਈ ਲੋਕ ਅੰਤ ਕਰਨ ਨੂੰ ਹੀ ਆਤਮਾਂ ਮੰਨਦੇ ਹਨ ਮਨ ਅੰਤਕਰਨ ਇਕ ਹੀ ਹੈ ਸੋ ਇਹ ਆਤਮਾ ਨਹੀਂ । ਆਤਮਾ ਹਿਰਦਾ ਜਾ ਦਿਮਾਗ ਵੀ ਨਹੀਂ । ਬੁੱਧੀ, ਚਿਤ, ਦਿਲੋ, ਦਿਮਾਗ਼ ਸਭ ਮਨ ਦੇ ਵਿਸ਼ੇ ਹਨ, ਇੰਦਰੀਆ ਤੇ ਪੁਦਗਲ ਦੇ ਵਿਸ਼ੇ ਹਨ ਆਤਮਾ ਦੇ ਨਹੀਂ ।

ਆਤਮਾ ਚੇਤਨਾ ਮਯ ਅਰੂਪੀ ਸਤਾ ਹੈ ਉਪਯੋਗ (ਚੇਤਨਾ ਦੀ ਕ੍ਰਿਆ) ਉਸ ਦਾ ਲੱਛਣ ਹੈ । ਗਿਆਨ, ਦਰਸ਼ਨ ਸੁਖ ਦੁਖ ਆਦਿ ਰਾਹੀਂ ਆਤਮਾ ਜ਼ਾਹਰ ਹੁੰਦਾ ਹੈ । ਆਤਮਾ ਸ਼ਬਦ, ਰੂਪ, ਗੰਧ, ਰਸ ਤੇ ਸਪਰਸ਼ ਤੋਂ ਰਹਿਤ ਹੈ । ਉਹ ਲੰਬਾ, ਛੋਟਾ, ਟੇਡਾ, ਗੋਲ'

ਚੋਰਸ, ਮੰਡਲਕਾਰ, ਹਲਕਾ ਭਾਰੀ, ਇਸਤਰੀ. ਪੁਰਸ ਅਤੇ ਨਪੁਸੰਕ ਕੁਝ ਵੀ ਨਹੀਂ ਹੈ। ਆਤਮਾ ਅਸੰਖਿਆ ਗਿਆਨ ਮਯ ਪ੍ਰਦੇਸ਼ਾ ਦਾ ਪਿੰਡ ਹੈ। ਉਹ ਵੇਖਿਆ ਨਹੀਂ ਜਾ ਸਕਦਾ ਉਹ ਅਰੂਪੀ ਹੈ ਉਸ ਤੋਂ ਚੇਤਨਾ ਗੁਣ ਸਾਨੂੰ ਮਿਲਦਾ ਹੈ। ਆਤਮਾ ਗੁਣਾਂ ਪਖੋਂ ਇਕ ਹੈ ਪਰ ਸੰਖਿਆ ਪਖੋਂ ਅਨੰਤ ਹਨ ਜਿਨੇ ਜੀਵ ਹਨ ਹਰ ਜੀਵ ਦੀ ਆਪਣੀ ਆਤਮਾ ਹੈ। ਕਰਮ ਬੰਧ ਟੁਟਨ [ਸਿੱਧ ਅਵਸਥਾ] ਸਮੇਂ ਆਤਮਾ ਦਾ ਸ਼ੁਧ ਸਵਰੂਪ ਪ੍ਰਗਟ ਹੋ ਜਾਂਦਾਹੈ। ਸਿਧ ਆਤਮਾ ਦੇ ਸਰੀਰ ਵਾਲੀ ਕ੍ਰਿਆ, ਜਨਮ, ਮੌਤ ਕੁਝ ਨਹੀਂ। ਆਤਮਾ ਦੀ ਸਿੱਧ ਅਵਸਥਾ ਨੂੰ ਸੱਤ ਚਿੱਤ ਆਨੰਦ ਕਿਹਾ ਜਾਂਦਾ ਹੈ। ਇਨ੍ਹਾਂ ਮੁਕਤ ਆਤਮਾ ਦਾ ਨਿਵਾਸ ਲੋਕ ਦੇ ਅਗਰ ਭਾਗ ਵਿਚ ਹੈ। ਆਤਮਾ ਦਾ ਸੁਭਾਵ ਉਪਰ ਜਾਣਦਾ ਹੈ। ਬੰਧਨ ਕਾਰਣ ਹੀ ਆਤਮਾ ਤਿਰਛੇ ਲੋਕ ਜਾਂ ਹੇਠਾਂ ਨੂੰ ਜਾਂਦਾ ਹੈ। ਉਪਰ ਜਾ ਕੇ ਆਤਮਾ ਫੇਰ ਸੰਸਾਰ ਵਿਚ ਨਹੀਂ ਫਸਦਾ। ਉਹ ਆਤਮਾ ਅਲੋਕ ਵਿਚ ਵੀ ਨਹੀਂ ਜਾਂਦਾ ਕਿਉਂਕਿ ਉਥੇ ਧਰਮ ਤੱਤਵ ਨਹੀਂ (ਗਤੀ ਤੱਤਵ) ਨਹੀਂ ਹੈ। ਦੂਸਰੀ ਸਰੇਣੀ ਦੀਆਂ ਆਤਮਾ ਕਰਮ ਬੰਧ ਹੋਣ ਕਾਰਣ ਭਿੰਨ ੨ ਜੂਨਾਂ ਵਿਚ ਘੁਮਦੀਆਂ ਹਨ। ਕਰਮ ਕਰਦੀਆਂ ਹਨ, ਫਲ ਭੋਗਦੀਆਂ ਹਨ। ਸਾਰੀਆਂ ਸੰਸਾਰੀ ਆਤਮਾ ਸਰੀਰ ਨਾਲ ਬੰਧੀਆ ਹਨ। ਆਤਮਾ ਦਾ ਅਕਾਰ ਜੈਨ ਧਰਮ ਅਨੁਸਾਰ ਸਰੀਰ ਵਿਆਪੀ ਹੈ। ਆਤਮਾ ਧਰਮ ਨੂੰ ਜੈਨ ਸਰਵ ਵਿਆਪੀ ਨਹੀਂ ਮੰਨਦਾ।

**ਜੈਨ ਦਰਿਸ਼ਟੀ ਪਖੋ ਆਤਮਾ ਦਾ ਸਵਰੂਪ :**

(1) ਜੀਵ ਆਨੰਦ ਹੈ ਅਵਿਨਾਸ਼ੀ ਅਤੇ ਅਕਸ਼ੇ (ਨਾ ਖਤਮ ਹੋਣ ਵਾਲਾ) ਹੈ। ਦਰਵ ਨਯ ਪਖੋਂ ਪਖੋਂ ਉਸ ਦਾ ਸਵਰੂਪ ਨਸ਼ਟ ਨਹੀਂ ਹੁਦਾ। ਇਸ ਕਾਰਣ ਆਤਮਾ ਨਿੱਤ ਹੈ ਪਰਿਆਏ ਪਖੋਂ ਭਿੰਨ 2 ਰੂਪ ਵਿਚ ਬਦਲਦਾ ਹੈ ਸੋ ਆਤਮਾ ਅਨਿੱਤ ਹੈ।

(2) ਸੰਸਾਰੀ ਜੀਵ ਅਤੇ ਸਰੀਰ ਦਾ ਕੋਈ ਭੇਦ ਨਹੀਂ ਜਾਪਦਾ। ਦੁੱਧ ਤੇ ਪਾਣੀ, ਤਿੱਲ ਤੇ ਤੇਲ ਇਕ ਲਗਦੇ ਹਨ ਇਸੇ ਤਰ੍ਹਾਂ ਸੰਸਾਰੀ ਦਸਾ ਵਿਚ ਜੀਵ ਅਤੇ ਸਰੀਰ ਇਕ ਲਗਦੇ ਹਨ।

**ਜੀਵ ਦਾ ਪਰਿਮਾਣ :**

ਜੀਵ ਦੇ ਸਰੀਰ ਦੇ ਅਕਾਰ ਅਨੁਸਾਰ ਆਤਮਾ ਦਾ ਅਕਾਰ ਸਰੀਰ ਵਿਚ ਫੈਲਿਆ ਹੋਇਆ ਹੈ।

(1) ਆਤਮਾ ਕਾਲ ਪਖੋਂ ਆਨੰਦ ਅਵਿਨਾਸ਼ੀ ਹੈ।

(2) ਆਤਮਾ ਅਕਾਸ਼ ਦੀ ਤਰ੍ਹਾਂ ਅਮੂਰਤ ਹੈ ਫੇਰ ਵੀ ਅਵਗਾਹ (ਅਕਾਰ) ਗੁਣ ਤੇ ਜਾਨਿਆ ਜਾਂਦਾ ਹੈ ਇਸੇ ਤਰ੍ਹਾਂ ਜੀਵ ਅਮੁਰਤ ਹੈ ਅਤੇ ਵਿਗਿਆਨ ਗੁਣ ਨਾਲ ਜਾਨਿਆ ਜਾਂਦਾ ਹੈ।

(3) ਜੀਵ ਜਿਵੇਂ ਪ੍ਰਿਥਵੀ ਸਭ ਦਰੱਵਾਂ ਦਾ ਅਧਾਂਰ ਹੈ ਉਸੇ ਪ੍ਰਕਾਰ ਹੀ ਜੀਵ

ਗਆਨ ਆਦਿ ਗੁਣਾਂ ਦਾ ਅਧਾਰ ਹੈ ।

[4] ਜਿਵੇਂ ਅਕਾਸ਼ ਤਿੰਨ ਕਾਲਾ ਵਿਚ ਅਕਸ਼ੈ, ਅਨੰਤ, ਅਤੇ ਅਤੁਲ ਹੈ ਉਸੇ ਪ੍ਰਕਾਰ ਜੀਵ (ਆਤਮਾ) ਤਿੰਨ ਕਾਲਾਂ ਵਿਚ ਅਵਿਨਾਸ਼ੀ ਹੈ ।

[5] ਜਿਵੇਂ ਸੋਨੇ ਦੀ ਪਰਿਆਏ ਅਵਸਥਾ ਕੁੰਡਲ, ਮੁਕੱਟ ਹੋਣ ਤੇ ਸੋਨਾ ਮੂਲ ਰੂਪ ਵਿਚ ਸੋਨਾ ਹੀ ਰਹਿਦਾ ਹੈ । ਉਸ ਦੇ ਨਾ ਤੇ ਰੂਪ ਵਿਚ ਅੰਤਰ ਪੈਂਦਾ ਹੈ ਉਸੇ ਪ੍ਰਕਾਰ ਚਾਰ ਗਤੀਆਂ ਵਿਚ ਘੁਮ ਰਹੇ ਜੀਵਾਂ ਦੀ ਪਰਿਆਏ ਬਦਲ ਦੀ ਰਹਿੰਦੀ ਹੈ । ਜੀਵ ਦਰੱਵ ਸੋਨੇ ਦੀ ਤਰ੍ਹਾਂ ਨਿੱਜ ਮੂਲ ਵਿਚ ਹੀ ਰਹਿੰਦਾ ਹੈ ।

[6] ਜਿਵੇਂ ਕਾਮਾ ਕੰਮ ਕਰਕੇ ਫਲ ਭੋਗਦਾ ਹੈ । ਉਸ ਪ੍ਰਕਾਰ ਜੀਵ ਕਰਮ ਕਰਦਾ ਹੈ ਅਤੇ ਫ਼ਲ ਭੋਗਦਾ ਹੈ ।

[7] ਜਦ ਦਿਨ ਵਿਚ ਸੂਰਜ ਹੁੰਦਾ ਹੈ ਤਾਂ ਵਿਖਾਈ ਦਿੰਦਾ ਹੈ ਅਤੇ ਇਹ ਰਾਤ ਨੂੰ ਦੂਸਰੇ ਪਾਸੇ ਚਲਾ ਜਾਂਦਾ ਹੈ ਪ੍ਰਕਾਸ਼ ਕਰਦਾ ਹੈ ਪਰ ਦੂਸਰੇ ਪਾਸੇ ਦਾ ਪ੍ਰਕਾਸ਼ ਵਿਖਾਈ ਨਹੀਂ ਦਿੰਦਾ । ਉਸੇ ਪ੍ਰਕਾਰ ਵਰਤਮਾਨ ਸਰੀਰ ਵਿਚ ਰਹਿੰਦਾ ਹੋਇਆ ਜੀਵ ਉਸ ਨੂੰ ਪ੍ਰਕਾਸ਼ਿਤ ਕਰਦਾ ਹੈ ਅਤੇ ਪਹਿਲੇ ਸਰੀਰ ਨੂੰ ਛੱਡ ਕੇ ਦੂਸਰੇ ਨੂੰ ਪ੍ਰਕਾਸ਼ਿਤ ਕਰਦਾ ਹੈ ।

[8] ਜਿਵੇਂ ਕਮਲ ਦੀ ਖੁਸ਼ਬੂ ਅੱਖਾਂ ਨਾਲ ਵੇਖੀ ਨਹੀਂ ਜਾ ਸਕਦੀ । ਫਿਰ ਵੀ ਨਕ ਰਾਹੀਂ ਗ੍ਰਹਿਣ ਹੁੰਦੀ ਹੈ ਜਿਵੇਂ ਸਾਜਾਂ ਦੀ ਅਵਾਜ ਕੰਨਾਂ ਨਾਲ ਗ੍ਰਹਿਣ ਹੁੰਦੀ ਹੈ ਅੱਖਾਂ ਨਾਲ ਵਿਖਾਈ ਨਹੀਂ ਦਿੰਦੀ । ਇਸ ਤਰ੍ਹਾਂ ਆਤਮਾ ਗਿਆਨ ਵਾਨ ਹੈ ਪਰ ਇਸਦਾ ਗਿਆਨ ਜੀਵ ਦੇ ਨਾ ਵਿਖਾਈ ਦੇਣ ਤੇ ਵੀ ਗਿਆਨ ਗੁਣ ਹੋਣ ਕਾਰਣ ਗ੍ਰਹਿਣ ਕੀਤਾ ਜਾਂਦਾ ਹੈ । ਗਿਆਨ ਗ੍ਰਹਿਣ ਦਾ ਵਿਸ਼ਾ ਹੈ ਵੇਖਣ ਦਾ ਵਿਸ਼ਾ ਨਹੀਂ ।

[9] ਜਿਵੇਂ ਸਰੀਰ ਅੰਦਰ ਰਿਹਾ ਹੋਇਆ ਜੀਵ ਹਾਸੇ ਨਾਚ, ਸੁਖ ਦੁਖ ਬੋਲ-ਚਾਲ ਆਦਿ ਕ੍ਰਿਆਵਾਂ ਤੋਂ ਜਾਣਿਆ ਜਾਂਦਾ ਹੈ । ਇਸੇ ਪ੍ਰਕਾਰ ਆਤਮਾ ਜਾਣਿਆ ਜਾਂਦਾ ਹੈ ।

[10] ਜਿਵੇਂ ਖਾਇਆ ਭੋਜਨ ਸੱਤ ਧਾਤੂਆਂ ਵਿਚ ਬਦਲ ਜਾਂਦਾ ਹੈ । ਉਸੇ ਤਰ੍ਹਾਂ ਜੀਵ ਦਵਾਰਾ ਗ੍ਰਹਿਣ ਕਰਮਯੋਗ ਪੁਦਗਲ ਅਪਣੇ ਆਪ ਰੂਪ ਵਿਚ ਬਦਲ ਜਾਂਦੇ ਹਨ ।

[11] ਜਿਵੇਂ ਸੋਨਾ ਤੇ ਮਿਟੀ ਦਾ ਮਿਲਾਪ ਅਨਾਦਿ ਹੈ ਉਸੇ ਪ੍ਰਕਾਰ ਜੀਵ ਅਤੇ ਕਰਮ ਦਾ ਸਬੰਧ ਅਨਾਦਿ ਹੈ ।

**ਜੀਵ ਦਾ ਬਾਹਰਲਾ ਲੱਛਣ :**

ਅਪਣੀ ਤਰ੍ਹਾਂ ਦੇ ਜੀਵਾਂ ਨਾਲ ਜਨਮ, ਵਾਧਾ, ਉਤਪਾਦਨ, ਜਨਮ ਮਰਨ ਦੀ ਸ਼ਕਤੀ ਜੀਵ ਦਾ ਬਾਹਰਲਾ ਲਛਣ ਹੈ । ਕੀੜੀ ਵਿਚ ਚੇਤਨਾ ਹੈ ਪਰ ਰੇਲ ਗਡੀ ਜੜ ਹੈ ਘੁਮਦੇ ਦੋਵੇਂ ਹਨ ।

**ਨਿਸਚੇ ਲੱਛਣ :**

ਆਤਮਾ ਦਾ ਨਿਸ਼ਚੇ ਗੁਣ ਚੇਤਨਾ ਹੈ ਪ੍ਰਾਣੀ ਮਾਤਰਾ ਵਿਚ ਵੇਖਨ ਵਿਚ ਇਹ ਘੱਟ

ਵੱਧ ਹੋ ਸਕਦੀ ਹੈ। ਪਰ ਸਤਾ ਰੂਪ ਵਿਚ ਚੇਤੰਨ ਸ਼ਕਤੀ ਸਭ ਪ੍ਰਾਣੀਆਂ ਵਿਚ ਅਨੰਦ ਹੈ। ਪਰ ਵਿਕਾਸ ਪਖੋਂ ਸਭ ਵਿਚ ਇਕ ਤਰ੍ਹਾਂ ਦੀ ਨਹੀਂ। ਗਿਆਨ ਤੇ ਪਰਦਾ ਪੈ ਜਾਣ ਕਾਰਣ ਦੁਰਬਲਤਾ ਆ ਸਕਦੀ ਹੈ। ਸੋ ਆਤਮਾ ਨਾ ਤਾਂ ਮਨ ਹੈ ਨਾ ਹੀ ਇੰਦਰੀਆਂ, ਨਾ ਹੀ ਕਰਮ। ਮਨ, ਇੰਦਰੀਆ ਅਤੇ ਕਰਮ ਆਤਮਾ ਦੀ ਹੋਂਦ ਤੋਂ ਬਿਨਾ ਚੇਤਨਾ ਰਹਿਤ ਹਨ। ਹਰ ਆਤਮਾ ਦੀ ਸੁਤੰਤਰ ਸੱਤਾ ਹੈ ਸੁਤੰਤਰ ਵਿਕਾਸ ਹੈ। ਧਰਮ ਗ੍ਰਹਿਣ ਕਰਨ ਦੀ ਸ਼ਕਤੀ ਹਰ ਆਤਮਾ ਵਿਚ ਇਕ ਤਰ੍ਹਾਂ ਦੀ ਨਹੀਂ। ਮਨੁੱਖ ਜੂਨ ਤੋਂ ਛੁਟ ਕੋਈ ਵੀ ਜੂਨ ਅਜਿਹੀ ਨਹੀਂ ਜਿਸ ਵਿਚ ਸਾਧਨਾ ਰਾਹੀਂ ਆਤਮਾ ਮੋਕਸ਼ ਜਾਂ ਨਿਰਵਾਨ ਹਾਸਲ ਕਰ ਸਕੇ। ਮੋਕਸ਼ ਲਈ 14 ਗੁਣ ਸਥਾਨਾ ਰੂਪੀ ਪੌੜੀ ਤੇ ਚੜਨਾ ਬਹੁਤ ਜ਼ਰੂਰੀ ਹੈ। (ਵੇਖੋ ਗੁਣ ਸਥਾਨ)

ਸੰਸਾਰ ਵਿਚ ਭਿਨਤਾਵਾਂ ਦਾ ਕਾਰਣ ਜੀਵ ਅਤੇ ਪੁਦਗਲ ਦਾ ਸੁਮੇਲ ਹੈ ਜੋ ਸ੍ਰਿਸ਼ਟੀ ਅਖਵਾਉਂਦਾ ਹੈ। ਜੀਵ ਤੇ ਪੁਦਗਲ ਵਿਚ ਦੋ ਅਵਸਥਾਵਾਂ ਮਿਲਦੀਆਂ ਹਨ।

ਜੀਵ ਅਤੇ ਪੁਦਗਲ ਵਿਚ ਕਾਲ ਕਾਰਣ ਜੋ ਪਰੀਵਰਤਨ ਹੁੰਦਾ ਹੈ। ਉਹ ਸੁਭਾਵਿਕ ਪਰੀਵਰਤਨ ਹੈ। ਜੀਵ ਦੇ ਨਮਿਤ ਜੋ ਪੁਦਗਲ ਵਿਚ ਅਤੇ ਪੁਦਗਲ ਦੇ ਨਮਿਤ ਜੋ ਜੀਵ ਵਿਚ ਪਰੀਵਰਤਨ ਹੁੰਦਾ ਹੈ ਉਹ ਵਿਭਾਵ ਪਰੀਵਰਤਨ ਹੈ ਪੁਦਗਲ ਜੜ ਹੈ ਅਚੇਤਨ ਹੈ ਆਤਮਾ ਤੇ ਪੁਦਗਲ ਦੋਹਾਂ ਦੇ ਸਹਿਯੋਗ ਨਾਲ ਜੀਉਂਦਾ ਸਰੀਰ ਬਣਦਾ ਹੈ। ਪੁਦਗਲ ਦੇ ਸਹਿਯੋਗ ਕਾਰਣ ਜੀਵ ਦੇ ਗਿਆਨ ਨੂੰ ਕ੍ਰਿਆਤਮਕ ਰੂਪ ਮਿਲਦਾ ਹੈ ਪੁਦਗਲ ਦੋ ਪ੍ਰਕਾਰ ਦਾ ਹੈ ਜੀਵ ਸਹਿਤ ਅਤੇ ਜੀਵ ਰਹਿਤ। ਸਰੀਰ ਅਤੇ ਆਤਮਾ ਦਾ ਨਾ ਸੁਮੇਲ ਜੀਵ ਸਹਿਤ ਸਰੀਰ ਹੈ।

ਜੀਵ ਤੇ ਸਰੀਰ ਦਾ ਸਬੰਧ ਅਨੰਤ ਕਾਲ ਤੋਂ ਹੈ। ਜਦ ਤਕ ਇਹ ਸਬੰਧ ਟੁਟਦਾ ਨਹੀਂ ਉਦੋਂ ਤਕ ਪੁਦਗਲ ਜੀਵ ਤੇ ਜੀਵ, ਪੁਦਗਲ ਤੇ ਆਪਣਾ ੨ ਅਸਰ ਪਾਉਂਦੇ ਰਹਿੰਦੇ ਹਨ।ਜੀਵ (ਆਤਮਾ)ਤੇ ਪ੍ਰਭਾਵ ਪਾਉਣ ਵਾਲਾ ਕਾਰਮਣ ਸਰੀਰ ਹੈ ਜੋ ਕਰਮਾਂ ਦੇ ਪੁਦਗਲ ਤੋਂ ਜਨਮ ਸਮੇਂ ਬਣਦਾ ਹੈ। ਅਤੀਇੰਦਰੀਆ (ਇੰਦਰੀ ਰਹਿਤ) ਹੋਣ ਕਾਰਣ ਮੁਕਤ ਅਵਸਥਾ ਤਕ ਜਨਮ ਮਰਨ ਸਮੇਂ ਗਤਿ ਤਹਿ ਕਰਦਾ ਹੈ ਅਤੇ ਆਤਮਾ ਨੂੰ ਇਕ ਗਤਿ ਤੋਂ ਦੂਸਰੀ ਗਤਿ ਤਕ ਕਰਮ ਅਨੁਸਾਰ ਲੈ ਜਾਂਦਾ ਹੈ। ਇਸਦਾ ਸਹਿਯੋਗੀ ਇੰਦਰੀ ਰਹਿਤ ਤੇਜਸ ਸਰੀਰ ਹੈ ਇਸ ਦਾ ਕੰਮ ਖਾਏ ਅੰਨ ਨੂੰ ਪਚਾਉਣਾ ਹੈ। ਇਸਤੋਂ ਛੁੱਟ ਆਮ ਜੀਵ ਕੋਲ ਔਦਾਰਿਕ ਸਰੀਰ ਹੁੰਦਾ ਹੈ ਜੋ ਵਿਖਾਈ ਦਿੰਦਾ ਹੈ ਮਰਨ ਸਮੇਂ ਜੋ ਅਗਨ ਭੇਟ ਹੁੰਦਾ ਹੈ। ਅਹਾਰਕ ਸਰੀਰ ਖਾਸ਼ ਗਿਆਨੀਆਂ ਪਾਸ ਹੁੰਦਾ ਹੈ ਜੋ ਤੱਪ ਰਾਹੀਂ ਪ੍ਰਾਪਤ ਹੁੰਦਾ ਹੈ ਇਹ ਸਰੀਰ ਹਰ ਮਨੁੱਖ ਕੋਲ ਨਹੀਂ ਹੋ ਸਕਦਾ। ਇਸ ਸਰੀਰ ਨਾਲ ਗਿਆਨੀ ਸੂਖਮ ਸਰੀਰ ਦੀ ਰਚਨਾ ਕਰਕੇ, ਤੀਰਥੰਕਰਾਂ ਤੋਂ ਪ੍ਰਸ਼ਨ ਦਾ ਉਤਰ ਪੁਛਦੇ ਹਨ। ਬੈਕਰਿਆ ਸਰੀਰ ਦੇਵਤਿਆਂ ਤੇ ਨਾਰਕੀਆਂ ਕੋਲ ਹੈ।

## ਆਤਮ ਦੀ ਮੁਕਤੀ ਦਾ ਕ੍ਰਮ

ਆਤਮਾ ਦੀ ਮੁਕਤੀ ਲਈ ਜ਼ਰੂਰੀ ਹੈ ਕਿ 14 ਗੁਣ ਸਥਾਨਾਂ ਦਾ ਸਵਰੂਪ ਸ਼ਾਸਤਰ ਅਨੁਸਾਰ ਸਮਝਿਆ ਜਾਵੇ।

## ਗੁਣ ਸਥਾਨ ਜਾਂ ਗੁਣ ਸ਼੍ਰੇਣੀ

'ਗੁਣ ਸਥਾਨ' ਜੈਨ ਸਿਧਾਂਤ ਦਾ ਪਰਿਭਾਸ਼ਿਕ ਸ਼ਬਦ ਹੈ।ਆਤਮਾ ਦੀ ਪ੍ਰਮਾਤਮਾ ਬਨਣ ਤਕ ਦੀ ਕ੍ਰਿਆ ਹੀ ਗੁਣ ਸਥਾਨ ਹੈ। ਆਤਮਾ ਨੂੰ ਪ੍ਰਮਾਤਮਾ ਬਨਣ ਲਈ ਜਿਨ੍ਹਾਂ ਗੁਣਾਂ ਨੂੰ ਪਾਲਨ ਕਰਨਾ ਪੈਂਦਾ ਹੈ ਅਤੇ ਜਿਨ੍ਹਾਂ ਹਾਲਤਾਂ ਵਿਚੋਂ ਗੁਜਰਨਾ ਪੈਂਦਾ ਹੈ। ਇਸ ਨੂੰ ਹੀ ਸੰਖੇਪ ਵਿਚ ਗੁਣ ਸਥਾਨ ਆਖਦੇ ਹਨ। ਆਤਮ ਵਿਕਾਸ ਦੀ 14 ਸ਼੍ਰੇਣੀਆਂ ਜਾਂ ਸਥਾਨ ਹਨ।

(1) ਮਿਥਿਆਤਵ ਦਰਿਸ਼ਟੀ ਗੁਣ ਸਥਾਨ (2) ਸਾਸਵਾਦਨ ਸਮਿਅਕ ਦਰਿਸ਼ਟੀ ਗੁਣ ਸਥਾਨ (3) ਮਿਸ਼ਰਗੁਣ ਸਥਾਨ (4) ਅਵਿਰਤੀ ਸਮਿਅਕ ਦ੍ਰਿਸ਼ਟੀ ਗੁਣ ਸਥਾਨ (5) ਦੇਸ਼ ਵਿਰਤੀ ਗੁਣ ਸਥਾਨ (6) ਪ੍ਰਮਤ ਗੁਣ ਸਥਾਨ (7) ਅਪ੍ਰਮਤਸੰਯਤ ਗੁਣ ਸਥਾਨ (8) ਨਿਵਰਤੀਵਾਦ ਗੁਣ ਸਥਾਨ (9) ਅਨਿਵਰਤੀ ਗੁਣ ਸਥਾਨ (10) ਸੁਖਮਸੰਪਰਾਏ ਗੁਣ ਸਥਾਨ (11) ਉਪਸ਼ਾਤ ਮੋਹ ਗੁਣ ਸਥਾਨ (12) ਸ਼ੀਨ ਮੋਹ ਗੁਣ ਸਥਾਨ (13) ਸਯੋਗ ਕੇਵਲੀ ਗੁਣ ਸਥਾਨ (14) ਅਯੋਗੀ ਕੇਵਲ ਗੁਣ ਸਥਾਨ।

(1) **ਮਿਥਿਆ ਦ੍ਰਿਸ਼ਟੀ :—** ਜਦ ਤਕ ਜੀਵ ਨੂੰ ਆਤਮਾ ਦੇ ਸਵਰੂਪ ਦਾ ਪਤਾ ਨਹੀਂ ਲਗਦਾ, ਉਹ ਮਿਥਿਆ ਦ੍ਰਿਸ਼ਟੀ ਅਖਵਾਉਂਦਾ ਹੈ। ਉਹ ਮਿਥਿਆ ਦਰਿਸ਼ਟੀ ਜੀਵ ਸ਼ਰੀਰ ਦੀ ਉਤਪਤੀ ਨੂੰ ਹੀ ਆਤਮਾ ਦੀ ਉਤਪੱਤੀ ਤੇ ਸਰੀਰ ਦੇ ਮਰਨ ਨੂੰ ਹੀ ਆਤਮਾ ਦੀ ਮੌਤ ਸਮਝਦਾ ਹੈ। ਪਰ ਜਦੋਂ ਕਿਸੇ ਸਤਿਗੁਰੂ ਦੀ ਸੰਗਤ ਸਦਕਾ ਆਤਮਾ ਦੇ ਸਵਰੂਪ ਨੂੰ ਸਮਝ ਲੈਂਦਾ ਹੈ ਤਾਂ ਉਸਦੇ ਕਸ਼ਾਏ ਘੱਟ ਜਾਂਦੇ ਹਨ। ਰਾਗ ਦਵੇਸ਼ ਠੰਡੇ ਪੈ ਜਾਂਦੇ ਹਨ। ਅਜੇਹੇ ਸਮੇਂ ਜੀਵ ਅਨਾਦਿ ਕਾਲ ਤੋਂ ਆਤਮ ਨਾਲ ਚਿਮੜੇ ਕਸ਼ਾਏ ਖਤਮ ਹੋ ਕੇ ਜੀਵ ਸੱਚੀ (ਸਮਿਅਕ) ਦ੍ਰਿਸ਼ਟੀ ਪ੍ਰਾਪਤ ਕਰਦਾ ਹੈ ਆਪਣੀ ਆਤਮਾ ਦੇ ਸੱਚੇ ਸਵਰੂਪ ਪਛਾਣ ਲੈਂਦਾ ਹੈ। ਮਿਥਿਆ ਦ੍ਰਿਸ਼ਟੀ ਜੀਵ ਆਤਮਾ ਨੂੰ ਪਛਾਣ ਕੇ ਪਹਿਲੇ ਗੁਣ ਸਥਾਨ ਤੋਂ ਚੌਥੇ ਗੁਣ ਸਥਾਨ ਤਕ ਪਹੁੰਚ ਜਾਂਦਾ ਹੈ।

ਮਿਥਿਆ ਦ੍ਰਿਸ਼ਟੀ ਜੀਵ ਦੇ ਨਾਲ ਦਰਸ਼ਨਾ ਮੋਹਨੀਆਂ ਕਰਮ ਅਨਾਦਿ ਕਾਲ ਤੋਂ ਮਿਥਿਆਤਵ ਰੂਪ ਵਿਚ ਚਲੇ ਆ ਰਹੇ ਸਨ। ਪਰ 'ਕਰਨ ਲਬਧੀ' ਦੀ ਕ੍ਰਿਪਾ ਸਦਕਾ ਉਸ ਦੇ ਤਿੰਨ ਹਿੱਸੇ ਹੋ ਜਾਂਦੇ ਹਨ। ਜੋ ਇਸ ਪ੍ਰਕਾਰ ਹਨ।

(1) ਮਿਥਿਆਤਵ (2) ਸਮਿਅਕ ਮਿਥਿਆਤਵ ਤੇ (3) ਸਮਿਅਕ ਪ੍ਰਾਕ੍ਰਿਤੀ।

ਜੀਵ ਨੂੰ ਪਹਿਲੀ ਵਾਰ ਜੋ ਸਮਿਅਕ ਦਰਸ਼ਨ (ਸੱਹੀ ਵਿਸ਼ਵਾਸ) ਹੁੰਦਾ ਹੈ ਉਸ ਨੂੰ ਪ੍ਰਥਮ-ਸਮਿਅਕਤਵ ਆਖਦੇ ਹਨ। ਇਸ ਦਾ ਸਮਾਂ ਮਹੂਰਤ ਤੋਂ ਘੱਟ ਹੈ। ਕਿਸੇ ਵੀ ਸਮੇਂ ਇਸ

ਦੇ ਖਤਮ ਹੁੰਦੇ ਹੀ ਜੀਵ ਸਮਿਅਕਤਵ (ਗਿਆਨ, ਦਰਸ਼ਨ ਤੇ ਚਾਰਿਤਰ) ਰੂਪੀ ਪਰਬਤ ਤੋਂ ਹੇਠਾਂ ਗਿਰ ਜਾਂਦਾ ਹੈ ਉਸ ਸਮੇਂ ਜੇ ਸਮਿਅਕ ਮਿਥਿਆਤਵ-ਪ੍ਰਾਕ੍ਰਿਤੀ ਪੈਦਾ ਹੋ ਜਾਵੇ ਤਾਂ ਜੀਵ ਤੀਸਰੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਕਰੋਧ ਆਦਿ ਕਸ਼ਾਏ ਪੈਦਾ ਹੋ ਜਾਵੇ ਤਾ ਦੂਸਰੇ ਸਥਾਨ ਵਿਚ ਪਹੁੰਚ ਜਾਂਦਾ ਹੈ। ਜੇ ਮਿਥਿਆ ਕਰਮ ਪੈਦਾ ਹੋ ਜਾਵੇ, ਤਾਂ ਜੀਵ ਫੇਰ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ ਭਾਵ ਇਹ ਹੈ ਕਿ ਦੂਸਰੇ ਤੇ ਤੀਸਰੇ ਗੁਣ ਸਥਾਨ ਇੰਨੇ ਸੂਖਮ ਹਨ ਕਿ ਜੀਵ ਦੇ ਪਤਨ ਦਾ ਕਾਰਨ ਹੀ ਬਣਦੇ ਹਨ।

(2) **ਸਾਸਵਾਦਨ ਸਮਿਅਕ ਦ੍ਰਿਸ਼ਟੀ** :—ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਇਸ ਗੁਣ ਸਥਾਨ ਕਾਰਨ ਜੀਵ ਪਤਿੱਤ ਹੋ ਜਾਂਦਾ ਹੈ। ਸਾਸਵਾਦਨ ਦਾ ਅਰਥ ਸਮਿਅਕਤਵ ਦੀ ਰੁਕਾਵਟ ਹੀ ਹੈ। ਜਿਵੇਂ ਕੋਈ ਮਿੱਠੀ ਖੀਰ ਖਾਵੇ ਅਤੇ ਉਸ ਨੂੰ ਉਸੇ ਸਮੇਂ ਉਲਟੀ ਆ ਜਾਵੇ। ਜਿਵੇਂ ਉਹ ਉਲਟੀ ਕਰਦੀਆਂ ਖੀਰ ਦੀ ਮਿਠਾਸ ਅਨੁਭਵ ਕਰਦਾ ਹੈ ਉਸੇ ਪ੍ਰਕਾਰ ਸਮਿਅਕਤਵ ਦ੍ਰਿਸ਼ਟੀ ਜੀਵ ਜਦ ਕਰਮਾ ਕਾਰਣ ਸਮਿਅਕਤਵ ਨੂੰ ਉਲਟਦਾ ਹੈ ਤਾਂ ਉਸ ਉਲਟੀ ਕਰਦੇ ਸਮੇਂ ਉਸ ਨੂੰ ਸਮਿਅਕ ਦਰਸ਼ਨ ਤੇ ਆਤਮ ਸ਼ੁਧੀ ਦਾ ਧਿਆਨ ਰਹਿੰਦਾ ਹੈ। ਸਮਿਅਕ ਦਰਸ਼ਨ ਤੋਂ ਗਿਰਿਆ ਜੀਵ ਦੂਸਰੇ ਸਥਾਨ ਵਿਚ ਇਕ ਸਮੇਂ ਤੋਂ ਲੈ ਕੇ 6 ਆਵਲੀ ਤਕ ਰਹਿੰਦਾ ਹੈ ਤੇ ਫੇਰ ਮਿਥਿਆ ਕਰਮ ਪੈਦਾ ਹੋਣ ਲੱਗ ਜਾਂਦੇ ਹਨ।

(3) **ਸਮਿਅਕ ਮਿਥਿਆ ਦਰਿਸ਼ਟੀ** : ਇਸ ਗੁਣ ਸਥਾਨ ਵਿਚ ਆਤਮਾ ਦੇ ਭਾਵ ਬੜੇ ਵਚਿੱਤਰ ਹੁੰਦੇ ਹਨ। ਇਸ ਗੁਣ ਸਥਾਨ ਵਾਲਾ ਸਮਿਅਕ (ਸੱਚ) ਮਿਥਿਆਤਵ (ਝੂਠ) ਦੋਹਾਂ ਤੇ ਸ਼ਰਧਾ ਰੱਖਦਾ ਹੈ। ਇਸ ਤਰ੍ਹਾਂ ਇਸ ਗੁਣ ਸਥਾਨ ਵਾਲਾ ਨਾਂ ਤਾਂ ਸਚ ਪ੍ਰਤਿ ਰੁਚੀ ਰਖਦਾ ਹੈ ਅਤੇ ਨਾਂ ਹੀ ਨਫ਼ਰਤ। ਜਿਸ ਤਰ੍ਹਾਂ ਦਹੀਂ ਤੇ ਚੀਨੀ ਵਾਲਾ ਦਾ ਸਵਾਦ ਖੱਟਾ-ਮਿੱਠਾ, ਇਕ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ ਇਸ ਤਰ੍ਹਾਂ ਤੀਸਰੇ ਗੁਣ ਸਥਾਨ ਵਾਲਾ ਨਾਂ ਤੇ ਠੀਕ ਹੁੰਦਾ ਹੈ ਨਾਂ ਹੀ ਗਲਤ। ਇਸ ਹਾਲਤ ਦਾ ਸਮ੍ਹਾਂ ਇਕ ਮਹੂਰਤ (48 ਮਿੰਟ) ਤੋਂ ਘੱਟ ਹੈ। ਪਰ ਜੇ ਜੀਵ ਇਸ ਹਾਲਤ ਵਿਚ ਵੀ ਸੰਭਲ ਜਾਵੇ ਤਾਂ ਉਹ ਚੌਥੇ ਗੁਣ ਸਥਾਨ ਵਿਚ ਪਹੁੰਚ ਜਾਂਦਾ ਹੈ।

(4) **ਅਸੰਯਤ ਸਮਿਅਕ ਦਰਿਸ਼ਟੀ** :—ਇਸ ਅਵਸਥਾ ਵਿਚ ਆਤਮਾ ਨੂੰ ਸਮਿਅਕ ਦਰਸ਼ਨ (ਸੱਚਾ ਵਿਸ਼ਵਾਸ) ਦੀ ਪ੍ਰਾਪਤੀ ਹੁੰਦੀ ਹੈ। ਸਮਿਅਕ ਦਰਸ਼ਨ ਤਿੰਨ ਪ੍ਰਕਾਰ ਦਾ ਹੈ।

(1) ਔਪਸ਼ਮੀਕ (2) ਸ਼ਾਯੀਕ (3) ਖਾਯੋਪਸ਼ਮਿਕ।

ਦਰਸ਼ਨ-ਮੋਹਨੀਆ ਕਰਮ ਦੀਆਂ ਮਿਥਿਆਤਵ, ਸਮਿਅਕ ਮਿਥਿਆਤਵ ਅਤੇ ਸਮਿਅਕਤਵ, ਇਹ ਤਿੰਨ ਪ੍ਰਕ੍ਰਿਤੀਆਂ ਅਤੇ ਚਾਰਿੱਤਰ ਅਤੇ ਮੋਹਨੀਆ ਕਰਮ ਦੀ ਕਰੋਧ, ਮਾਨ, ਮਾਇਆ ਤੇ ਲੋਭ ਚਾਰ ਹਾਲਤਾਂ ਹਨ।

ਇਨ੍ਹਾਂ ਸੱਤਾ ਦੇ ਖਾਤਮੇ ਤੇ ਅਪੋਸ਼ਮਿਕ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ। ਜੀਵ

ਨੂੰ ਪਹਿਲਾਂ ਸਮਿਅਕ ਦਰਸ਼ਨ ਪ੍ਰਾਪਤ ਹੁੰਦਾ ਹੈ, ਪਰ ਇਹ ਹਾਲਤ ਇਕ ਮਹੂਰਤ ਤੋਂ ਵੀ ਘੱਟ ਰਹਿੰਦੀ ਹੈ ਜੀਵ ਜਲਦ ਹੀ ਮਿਥਿਆ ਦ੍ਰਿਸ਼ਟੀ ਬਣ ਜਾਂਦਾ ਹੈ। ਪਰ ਇਨ੍ਹਾਂ ਹਾਲਤਾਂ ਤੇ ਕਾਬੂ ਪਾਉਣ ਨਾਲ ਜੀਵ ਸਮਿਅਕ ਦ੍ਰਿਸ਼ਟੀ ਪ੍ਰਾਪਤ ਕਰ ਲੈਂਦਾ ਹੈ। ਸਮਿਅਕ ਦਰਸ਼ਨ ਦੀ ਸਥਿਤੀ ਇਕ ਮਹੂਰਤ ਤੋਂ ਲੈ ਕੇ 66 ਸਾਗਰੋਪਮ ਹੈ। ਮਨੁਸਮ੍ਰਿਤੀ ਅਨੁਸਾਰ ਸਮਿਅਕ ਦਰਸ਼ਨ ਵਾਲਾ ਜੀਵ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਪਰ ਸਮਿਅਕ ਦਰਸ਼ਨ ਰਹਿਤ ਪ੍ਰਾਣੀ ਸੰਸਾਰ ਵਿਚ ਭਟਕਦਾ ਹੈ।

(5) **ਦੇਸ਼ ਵਿਰਤੀ** :—ਇਸ ਤੋਂ ਬਾਅਦ ਆਤਮਾ ਗ੍ਰਹਿਸਥ ਦੇ 12 ਵਰਤਾਂ ਦਾ ਪਾਲਨ ਕਰਨ ਲੱਗ ਜਾਂਦਾ ਹੈ। ਦੇਸ਼ ਵਿਰਤੀ ਤੋਂ ਭਾਵ ਹੈ ਪਾਪ ਤੋਂ ਕੁਝ ਹੱਦ ਤਕ ਬਚਨਾ ਪਰ ਪੂਰੇ ਰੂਪ ਵਿਚ ਨਹੀਂ ਅਤੇ ਇਸ ਸਮੇਂ ਜੀਵ ਸਾਧੂ ਬਨਣ ਦੀ ਕੋਸ਼ਿਸ਼ ਵੀ ਕਰਨ ਲੱਗ ਜਾਂਦਾ ਹੈ। 11ਵੀਂ ਸ਼੍ਰਮਣ ਕਲਪ ਪ੍ਰਤਿਮਾ ਤੱਕ ਤਾਂ ਮਨੁੱਖ ਇਕ ਕਿਸਮ ਦਾ ਸਾਧੂ ਬਣ ਜਾਂਦਾ ਹੈ।

(6) **ਪ੍ਰਮੱਤ ਗੁਣ ਸਥਾਨ** :—ਇਹ ਗੁਣ ਸਥਾਨ ਮੁਨੀਆਂ ਦਾ ਹੈ। ਜੋ ਪੰਜ ਮਹਾਂਵਰਤਾ ਦਾ ਪਾਲਨ ਕਰਦੇ ਹੋਏ ਵੀ, ਪ੍ਰਮਾਦ (ਅਣਗਹਿਲੀ) ਤੋਂ ਸਦਾ ਲਈ ਮੁਕਤ ਨਹੀਂ ਹੁੰਦਾ ਪ੍ਰਮਾਦ ਦੇ 15 ਭੇਦ ਹਨ :—(1) ਚਾਰ ਕਸਾਏ (2) ਚਾਰ ਵਿਕਥਾ (3) 5 ਇੰਦਰੀਆਂ ਦੇ ਵਿਸ਼ੇ (4) ਸਨੇਹ ਅਤੇ (5) ਨੀਂਦਰ।

(7) **ਅਪ੍ਰਮੱਤ ਗੁਣ ਸਥਾਨ** :—ਪ੍ਰਮਾਦ ਦੀ ਜੰਜੀਰ ਤੋਂ ਮੁਕਤਾ ਹੋਣਾ ਹੀ ਸਤਵਾਂ ਗੁਣ ਸਥਾਨ ਹੈ। ਇਸ ਗੁਣ ਸਥਾਨ ਦੇ ਦੋ ਭੇਦ ਹਨ। (1) ਸਵ ਸਥਾਨ (2) ਸਾਤਿਸ਼ੈ।

ਸਤਵੇਂ ਤੋਂ ਛੇਵੇਂ ਤੇ ਛੇਵੇਂ ਤੋਂ ਸਤਵੇਂ ਗੁਣ ਸਥਾਨ ਵਿਚ ਪਹੁੰਚਨਾ ਸਵ-ਸਥਾਨ ਹੈ। ਪਰ ਜੋ ਸਾਧੂ ਮਹੋਨੀਆਂ ਕਰਮ ਨੂੰ ਖਤਮ ਕਰਨਾ ਸ਼ੁਰੂ ਕਰਦਾ ਹੈ ਉਸ ਦੀ ਹਾਲਤ ਨੂੰ ਸਾ-ਅਤਿਸ਼ੈ ਆਖਦੇ ਹਨ।

ਅਗਲੇ ਗੁਣ ਸਥਾਨਾਂ ਦਾ ਸਵਰੂਪ ਜਾਨਣ ਲਈ ਇਹ ਸਮਝਨਾ ਜਰੂਰੀ ਹੈ ਕਿ ਅਠਵੇਂ ਗੁਣ ਸਥਾਨ ਦੀਆਂ ਦੋ ਸ਼੍ਰੇਣੀਆਂ ਹਨ। (1) ਉਪਸ਼ਮ (2) ਸ਼ਪਕ

ਉਪਸ਼ਮ ਸ਼ਰੇਣੀ ਵਿਚ 8-9-10 ਤੋਂ 11 ਗੁਣ ਸਥਾਨ ਆਉਂਦੇ ਹਨ। ਅਤੇ ਸ਼ਪਕ ਸ਼ਰੇਣੀ ਤੇ ਕੇਵਲ ਤਦ ਭਵ ਮੋਕਸ਼ ਗਾਮੀ (ਭਾਵ ਸ਼ਾਯਕ ਸਮਿਅਕ ਦ੍ਰਿਸ਼ਟੀ ਜੀਵ ਜੋ ਇਸੇ ਜਨਮ ਵਿਚ ਮੁਕਤ ਹੋਣਾ ਹੋਵੇ) ਔਪਸ਼ਮੀਕ ਦ੍ਰਿਸ਼ਟੀ ਤੇ ਸ਼ਾਯਕ ਸਮਿਅਕ ਦ੍ਰਿਸ਼ਟੀ, ਇਹ ਜੀਵ ਸਭ ਇਸੇ ਸ਼੍ਰੇਣੀ ਵਿਚ ਹਨ।

ਪਰ ਉਪਸ਼ਮ ਸ਼ਰੇਣੀ ਤੇ ਚੜ੍ਹਨ ਵਾਲਾ ਸਾਧੂ ਗਿਆਰਵੇਂ ਗੁਣ ਸਥਾਨ ਤੇ ਪਹੁੰਚ ਕੇ ਅਤੇ ਮੋਹਨੀਆਂ ਕਰਮ ਨੂੰ ਸ਼ਾਤ ਕਰਕੇ ਵੀਤਰਾਗਤਾ ਅਨੁਭਵ ਕਰਨ ਤੋਂ ਬਾਅਦ ਵੀ ਨਿਯਮਾਂ ਤੋਂ ਗਿਰ ਸਕਦਾ ਹੈ। ਜੇ ਉਹ ਹਾਲਤ ਵਿਚ ਸੰਭਲਨਾ ਚਾਹੇ ਤਾਂ ਛੇਵੇਂ ਸਤਵੇਂ ਗੁਣ ਸਥਾਨ